Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 45 | Thursday, March 04, 2021 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਭਾਰਤ ਵਿਚ ਤਿਆਰ ਕੋਵੀਸ਼ੀਲਡ ਵੈਕਸੀਨ ਦੀਆਂ 500,000 ਡੋਜ਼ਾਂ ਕੈਨੇਡਾ ਪਹੁੰਚੀਆਂ

ਟੋਰਾਂਟੋ, 3 ਮਾਰਚ (ਪੋਸਟ ਬਿਊਰੋ) : ਭਾਰਤ ਵਿੱਚ ਤਿਆਰ ਕੋਵੀਸ਼ੀਲਡ ਵੈਕਸੀਨ ਦੀ ਅੱਧਾ ਮਿਲੀਅਨ ਡੋਜ਼ਾਂ ਦੀ ਖੇਪ ਅੱਜ ਟੋਰਾਂਟੋ ਪਹੁੰਚ ਗਈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਪਣੇ ਹਮਰੁਤਬਾ ਅਧਿਕਾਰੀ ਪ੍ਰਧਾਨ ਮੰਤਰੀ ਟਰੂਡੋ ਨਾਲ ਫਰਵਰੀ ਵਿੱਚ ਜਿਹੜਾ ਵਾਅਦਾ ਕੀਤਾ ਗਿਆ ਸੀ ਉਹ ਪੂਰਾ ਕਰ ਦਿੱਤੀ ਗਿਆ ਹੈ। ਭਾਰਤ ਤੋਂ ਐਸਟ੍ਰਾਜ਼ੈਨੇਕਾ ਵੈਕਸੀਨ ਦੀ ਇਹ ਸਪਲਾਈ ਕਮਰਸ਼ੀਅਲ ਕਾਰਗੋ ਜਹਾਜ਼ ਰਾਹੀਂ ਕੈਨੇਡਾ ਭੇਜੀ ਗਈ ਹੈ। ...ਬਾਕੀ ਪੰਨਾ 2 'ਤੇ



## ਟੋਰਾਂਟੋ ਵਿੱਚ ਘਰਾਂ ਦੀ ਔਸਤ ਕੀਮਤ ਇੱਕ ਮਿਲੀਅਨ ਡਾਲਰ ਦਾ ਮਾਰਕਾ ਟੱਪੀ




ਟੋਰਾਂਟੋ, 3 ਮਾਰਚ (ਪੋਸਟ ਬਿਊਰੋ) : ਟੋਰਾਂਟੋ ਦੇ ਰੀਜਨਲ ਰੀਅਲ ਅਸਟੇਟ ਬੋਰਡ ਦਾ ਕਹਿਣਾ ਹੈ ਕਿ ਫਰਵਰੀ ਵਿੱਚ ਹਾਊਸਿੰਗ ਮਾਰਕਿਟ ਵਿੱਚ ਕਾਫੀ ਉਛਾਲ ਰਿਹਾ। ਪਹਿਲੀ ਵਾਰੀ ਘਰਾਂ ਦੀ ਔਸਤ ਕੀਮਤ ਇੱਕ ਮਿਲੀਅਨ ਡਾਲਰ ਦੀ ਔਸਤ ਕੀਮਤ ਨਾਲੋਂ ਟੱਪੀ ਹੈ।

ਰੀਅਲ ਅਸਟੇਟ ਬੋਰਡ ਦਾ ਕਹਿਣਾ ਹੈ ਕਿ ਫਰਵਰੀ ਵਿੱਚ ਘਰਾਂ ਦੀ ਵਿੱਕਰੀ 10,970 ਤੱਕ ਪਹੁੰਚ ਗਈ, ਜੋ ਕਿ ਪਿਛਲੇ ਸਾਲ ਇਸੇ ਮਹੀਨੇ ਵਿੱਚ ਹੋਈ ਘਰਾਂ ਦੀ ਵਿੱਕਰੀ 7193 ਨਾਲੋਂ ਵੱਧ ਹੈ।ਘਰਾਂ ਦੀ ਵਿੱਕਰੀ ਲਈ ਔਸਤ ਕੀਮਤ 14.9 ਫੀ ਸਦੀ ਦਾ ਵਾਧਾ ਹੋਇਆ ਹੈ ਤੇ ਔਸਤ ਘਰ ਦੀ ਕੀਮਤ 1,045,488 ਡਾਲਰ ਤੱਕ ਅੱਪੜ ਗਈ ਹੈ ਜਦਕਿ ਪਿਛਲੇ ਸਾਲ ਭਾਵ 2020 ਵਿੱਚ ਘਰਾਂ ਦੀ ਔਸਤ ਕੀਮਤ 910,142 ਡਾਲਰ ਔਸਤਨ ਸੀ।

ਭਾਵੇਂ ਕੌਂਡੋਮੀਨੀਅਮਜ਼ ਦੀ ਵਿੱਕਰੀ ਵਿੱਚ 64.3 ਫੀ ਸਦੀ ਦੇ ਹਿਸਾਬ ਨਾਲ ਵਾਧਾ ਹੋਇਆ ਹੈ ਪਰ ਇਨ੍ਹਾਂ ਦੀ ਔਸਤ ਕੀਮਤ 3.7 ਫੀ ਸਦੀ ਡਿੱਗ ਕੇ 642, 346 ਡਾਲਰ ਰਹਿ ਗਈ ਹੈ। ਟਾਊਨਹਾਊਸ ਸੇਲਜ਼ ਵਿੱਚ 62.5 ਫੀ ਸਦੀ ਨਾਲ ਵਾਧਾ ਹੋਇਆ ਹੈ ਤੇ ਕੀਮਤਾਂ ਵਿੱਚ 17.3 ਫੀ ਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ ਤੇ ਇਹ 858,025 ਡਾਲਰ ਤੱਕ ਅੱਪੜ ਗਈਆਂ ਹਨ।

ਸੈਮੀ ਡਿਟੈਚਡ ਘਰਾਂ ਦੀ ਵਿੱਕਰੀ ਵਿੱਚ 53.1 ਫੀ ਸਦੀ ਇਜਾਫਾ ਹੋਇਆ ਹੈ ਤੇ ਇਨ੍ਹਾਂ ਦੀਆਂ ਕੀਮਤਾਂ 20.3 ਫੀ ਸਦੀ ਵੱਧ ਕੇ 1,050,820 ਡਾਲਰ ਤੱਕ ਅੱਪੜ ਗਈਆਂ ਹਨ। ਡਿਟੈਚਡ ਘਰਾਂ ਦੀਆਂ ਕੀਮਤਾਂ ਵੀ 43.8 ਫੀ ਸਦੀ ਦੇ ਹਿਸਾਬ ਨਾਲ ਤੇ ਕੀਮਤਾਂ 23.1 ਫੀ ਸਦੀ ਦੇ ਹਿਸਾਬ ਨਾਲ ਵਧ ਕੇ 1,371,791 ਡਾਲਰ ਤੱਕ ਪਹੁੰਚ ਗਈਆਂ ਹਨ।

## ਨਿਰਧਾਰਤ ਸਮੇਂ ਵਿੱਚ ਕੈਨੇਡੀਅਨਾਂ ਦਾ ਟੀਕਾਕਰਣ ਮੁਕੰਮਲ ਕਰਨ ਲਈ ਟਰੂਡੋ ਆਸਵੰਦ

ਓਟਵਾ, 3 ਮਾਰਚ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਇਹ ਤਹੱਈਆ ਪ੍ਰਗਟਾਇਆ ਜਾ ਚੁੱਕਿਆ ਹੈ ਕਿ ਮਈ ਦੇ ਅੰਤ ਤੱਕ ਸਾਰੇ ਬਾਲਗ ਅਮੈਰੀਕਨਜ਼ ਲਈ ਵਾਧੂ ਕੋਵਿਡ-19 ਵੈਕਸੀਨ ਹੋਵੇਗੀ ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਹ ਹਾਲ ਦੀ ਘੜੀ ਇਹ ਆਖਣ ਲਈ ਤਿਆਰ ਨਹੀਂ ਹਨ ਕਿ ਕੈਨੇਡਾ ਵਿੱਚ ਟੀਕਾਕਰਣ ਤੇਜ਼ੀ ਨਾਲ ਹੋਵੇਗਾ। ਪਰ ਇਸ ਗੱਲ ਲਈ ਉਹ ਪੂਰੀ ਤਰ੍ਹਾਂ ਸਕਾਰਾਤਮਕ ਹਨ ਕਿ ਅਜਿਹਾ ਹੋਵੇਗਾ।

ਬਾਇਡਨ ਵੱਲੋਂ ਅਮਰੀਕਾ ਵਿੱਚ ਟੀਕਾਕਰਣ ਵਿੱਚ ਲਿਆਂਦੀ ਗਈ ਤੇਜ਼ੀ ਦੇ ਸਬੰਧ ਵਿੱਚ ਬੁੱਧਵਾਰ ਨੂੰ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੈਨੇਡਾ ਦੇ ਟੀਕਾਕਰਣ ਦੀ ਰਫਤਾਰ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਆਖਿਆ ਕਿ ਅਸੀਂ ਪੂਰੀ ਤਰ੍ਹਾਂ ਟਰੈਕ ਉੱਤੇ ਹਾਂ ਤੇ ਸਗੋਂ ਮਾਰਚ ਦੇ ਅੰਤ ਤੱਕ ਅਸੀਂ ਜਿੱਥੇ ਹੋਣਾ ਚਾਹੁੰਦੇ ਸੀ ਉਸ ਨਾਲੋਂ ਵੀ ਸਾਡਾ ਸ਼ਡਿਊਲ ਐਡਵਾਂਸ ਹੀ ਚੱਲ ਰਿਹਾ ਹੈ।



ਪਹਿਲੇ ਮਹੀਨਿਆਂ ਵਿੱਚ ਵੈਕਸੀਨ ਦੀ ਡਲਿਵਰੀ ਵਿੱਚ ਹੋਈ ਦੇਰ ਕਾਰਨ ਮਾਸ ਵੈਕਸੀਨੇਸ਼ਨ ਕੈਂਪੇਨ ਵਿੱਚ ਹੋਈ ਦੇਰ ਨੂੰ ਪ੍ਰਧਾਨ ਮੰਤਰੀ ਦਰੁਸਤ ਹੁੰਦਾ ਵੇਖਣਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਜਿੰਨੀ ਵੈਕਸੀਨ ਦੀ ਸਾਨੂੰ ਲੋੜ ਹੈ ਜੇ ਉਹ ਸਮਾਂ ਰਹਿੰਦਿਆਂ ਸਾਨੂੰ ਹਾਸਲ ਹੋ ਜਾਂਦੀ ਹੈ ਤਾਂ ਅਸੀਂ ਮਾਰ ਨਹੀਂ ਖਾਵਾਂਗੇ।ਫੈਡਰਲ ਸਰਕਾਰ ਵੱਲੋਂ ਇਹ ਤਹੱਈਆ ਪ੍ਰਗਟਾਇਆ ਗਿਆ ਸੀ ਕਿ ਜਿਹੜੇ ਕੈਨੇਡੀਅਨ ਟੀਕਾਕਰਣ ਕਰਵਾਉਣਾ ਚਾਹੁੰਦੇ ਹਨ ਉਨ੍ਹਾਂ ਦਾ ਸਤੰਬਰ ਦੇ ਅੰਤ ਤੱਕ ਟੀਕਾਕਰਣ ਹੋ ਜਾਵੇਗਾ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਹੋਰਨਾਂ ਵੈਕਸੀਨਜ਼ ਨੂੰ ਹਰੀ ਝੰਡੀ ਦੇ ਦਿੱਤੀ ਜਾਂਦੀ ਹੈ ਤੇ ਉਨ੍ਹਾਂ ਦੀ ਸਪਲਾਈ ਜਲਦ ਸ਼ੁਰੂ ਹੋ ਜਾਂਦੀ ਹੈ ਤਾਂ ਇਹ ਟੀਚਾ ਸਮੇਂ ਤੋਂ ਪਹਿਲਾਂ ਪੂਰਾ ਕੀਤਾ ਜਾ ਸਕਦਾ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਿਛਲੇ ਹਫਤੇ ਹੈਲਥ ਕੈਨੇਡਾ ਵੱਲੋਂ ਐਸਟ੍ਰਾਜ਼ੈਨੇਕਾ ਵੈਕਸੀਨ ਨੂੰ ਮਨਜ਼ੂਰੀ ਦਿੱਤੇ ਜਾਣ ਨਾਲ ਇਸ ਦੀ ਸਪਲਾਈ ਵੀ ਆਉਣੀ ਸ਼ੁਰੂ ਹੋ ਗਈ ਹੈ ਤੇ ਇਸੇ ਤਰ੍ਹਾਂ ਜੇ ਜੌਹਨਸਨ ਐਂਡ ਜੌਹਨਸਨ ਦੀ ਸਿੰਗਲ ਡੋਜ਼ ਵਾਲੀ ਵੈਕਸੀਨ ਨੂੰ ਵੀ ਮਨਜ਼ੂਰੀ ਦੇ ਦਿੱਤੀ ਜਾਂਦੀ ਹੈ ਤਾਂ ਸੋਨੇ ਤੇ ਸੁਹਾਗੇ ਵਾਲਾ ਕੰਮ ਹੋ ਜਾਵੇਗਾ।

## ਟੋਰਾਂਟੋ ਵੈਨ ਹਮਲੇ ਦੇ ਜ਼ਿੰਮੇਵਾਰ ਐਲੈਕ ਮਿਨੀਆਸਿਨ ਨੂੰ ਦੋਸ਼ੀ ਕਰਾਰ ਦਿੱਤਾ

ਟੋਰਾਂਟੋ, 3 ਮਾਰਚ (ਪੋਸਟ ਬਿਊਰੋ) : 2018 ਟੋਰਾਂਟੋ ਵੈਨ ਹਮਲੇ ਦੇ ਮਾਮਲੇ ਵਿੱਚ ਫੈਸਲਾ ਸੁਣਾਉਂਦਿਆਂ ਜੱਜ ਨੇ ਆਖਿਆ ਕਿ ਐਲੈਕ ਮਿਨੀਆਸਿਨ ਇਸ ਹਮਲੇ ਲਈ ਮੁਜਰਮਾਨਾ ਤੌਰ ਉੱਤੇ ਜ਼ਿੰਮੇਵਾਰ ਹੈ। ਜੱਜ ਨੇ ਮਿਨੀਆਸਿਨ ਨੂੰ ਫਰਸਟ ਡਿਗਰੀ ਦੇ 10 ਮਾਮਲਿਆਂ ਤੇ ਕਤਲ ਕਰਨ ਦੀ ਕੋਸ਼ਿਸ਼ ਦੇ 16 ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ।

ਕੋਵਿਡ-19 ਮਹਾਂਮਾਰੀ ਦਰਮਿਆਨ ਯੂ ਟਿਊਬ ਉੱਤੇ ਬ੍ਰੌਡਕਾਸਟ ਕੀਤੇ ਗਏ ਆਪਣੇ ਫੈਸਲੇ ਵਿੱਚ ਓਨਟਾਰੀਓ ਦੀ ਸੁਪੀਰੀਅਰ ਕੋਰਟ ਦੀ ਜੱਜ ਐਨ ਮੌਲੋਏ ਨੇ ਆਖਿਆ ਕਿ ਦੋਸ਼ੀ ਮਿਨੀਆਸਿਨ ਦਾ ਦਿਮਾਗ ਹਮਲੇ ਸਮੇਂ ਪੂਰੀ ਤਰ੍ਹਾਂ ਕੰਮ ਕਰ ਰਿਹਾ ਸੀ ਤੇ ਉਸ ਨੇ ਬਕਾਇਦਾ ਇਸ ਹਮਲੇ ਦੀ ਯੋਜਨਾ ਬਣਾਈ ਤੇ ਉਸ ਨੂੰ ਅਮਲ ਵਿੱਚ ਲਿਆਂਦਾ।ਉਨ੍ਹਾਂ ਆਖਿਆ ਕਿ ਉਹ ਮਸ਼ਹੂਰ ਹੋਣਾ ਚਾਹੁੰਦਾ ਸੀ ਤੇ ਬਦਨਾਮੀ ਖੱਟਣ ਵਿੱਚ ਵੀ ਉਸ ਨੂੰ ਕੋਈ ਬੁਰਾਈ ਨਹੀਂ ਲੱਗੀ। ਉਸ ਦੀ ਸੋਚ ਇਹ ਸੀ ਕਿ ਜੇ ਉਸ ਦੀਆਂ ਗਲਤ ਹਰਕਤਾਂ ਨਾਲ ਸਾਰਿਆਂ ਦਾ ਧਿਆਨ ਉਸ ਉੱਤੇ ਜਾਂਦਾ ਹੈ ਤਾਂ ਵੀ ਕੋਈ ਮਾੜੀ ਗੱਲ ਨਹੀਂ ਹੈ।

ਮਿਨੀਆਸਿਨ ਨੇ ਮੰਨਿਆ ਕਿ ਉਹ 23 ਅਪਰੈਲ, 2018 ਦੀ ਦੁਪਹਿਰ ਨੂੰ ਨੌਰਥ ਯੌਰਕ ਦੀ ਯੰਗ ਸਟਰੀਟ ਦੇ ਭੀੜ ਭਾੜ ਵਾਲੇ ਇਲਾਕੇ ਵਿੱਚ ਕਿਰਾਏ ਦੀ ਕਾਰਗੋ ਵੈਨ ਡਰਾਈਵ ਕਰਕੇ ਲੈ ਗਿਆ ਤੇ ਫਿਰ ਉਸ ਨੇ ਜਾਣਬੁੱਝ ਕੇ ਆਪਣੇ ਰਾਹ ਵਿੱਚ ਆਉਣ ਵਾਲੇ ਸਾਰੇ ਪੈਦਲ ਜਾ ਰਹੇ ਲੋਕਾਂ ਨੂੰ ਕੁਚਲਣਾ ਸ਼ੁਰੂ ਕਰ ਦਿੱਤਾ। ਇਸ ਹਮਲੇ ਵਿੱਚ 22 ਸਾਲਾ ਜੀ ਹੁਨ ਕਿੰਮ, 22 ਸਾਲਾ ਸੋ ਹੀ ਚੰਗ, 30 ਸਾਲਾ ਐਨੇ ਮੈਰੀ ਡਐਮਿਕੋ, 33 ਸਾਲਾ ਐਂਡਰੀਆ ਬ੍ਰੈਡਨ, 55 ਸਾਲਾ ਬਿਊਟਿਸ ਰੇਨੂਕਾ ਅਮਰਸਿੰਘਾ, 45 ਸਾਲਾ ਚੁੱਲ ਐਡੀ ਮਿਨ ਕੈਂਗ, 83 ਸਾਲਾ ਗੇਰਾਲਡਿਨ ਬ੍ਰੈਡੀ, 85 ਸਾਲਾ ਮੁਨੀਰ ਆਬਦੋ ਹਬੀਬ ਨੱਜਰ, 94 ਸਾਲਾ ਮੈਰੀ ਐਲਿਜ਼ਾਬੈੱਥ ਫੋਰਸਿਥ ਤੇ 94 ਸਾਲਾ ਡੋਰੋਥੀ ਸਿਊਐਲ ਮਾਰੇ ਗਏ।16 ਹੋਰ ਇਸ ਹਾਦਸੇ ਵਿੱਚ ਜ਼ਖ਼ਮੀ ਹੋਏ ਤੇ ਉਨ੍ਹਾਂ ਦੀਆਂ ਜ਼ਖ਼ਮਾਂ ਦੇ ਫੱਟ ਅਜੇ ਵੀ ਅੱਲ੍ਹੇ ਹਨ।




## ਚਾਰ ਮਹੀਨੇ ਬਾਅਦ ਵੀ ਦਿੱਤੀ ਜਾ ਸਕਦੀ ਹੈ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ : ਐਨਏਸੀਆਈ

ਓਟਵਾ, 3 ਮਾਰਚ (ਪੋਸਟ ਬਿਊਰੋ) : ਟੀਕਾਕਰਣ ਬਾਰੇ ਫੈਡਰਲ ਸਰਕਾਰ ਨੂੰ ਸਲਾਹ ਦੇਣ ਵਾਲੇ ਮੈਡੀਕਲ ਮਾਹਿਰਾਂ ਦੇ ਪੈਨਲ ਦਾ ਕਹਿਣਾ ਹੈ ਕਿ ਕੋਵਿਡ-19 ਵੈਕਸੀਨਜ਼ ਦੀ ਦੂਜੀ ਡੋਜ਼ ਪਹਿਲੀ ਡੋਜ਼ ਤੋਂ ਚਾਰ ਮਹੀਨੇ ਬਾਅਦ ਵੀ ਦਿੱਤੀ ਜਾ ਸਕਦੀ ਹੈ। ਮਾਹਿਰਾਂ ਨੇ ਆਖਿਆ ਕਿ ਜੇ ਕੈਨੇਡਾ ਵੱਧ ਤੋਂ ਵੱਧ ਲੋਕਾਂ ਨੂੰ ਇਮਿਊਨਾਈਜ਼ ਕਰਨਾ ਚਾਹੁੰਦਾ ਹੈ ਤਾਂ ਅਜਿਹਾ ਕਰ ਸਕਦਾ ਹੈ।ਕੈਨੇਡਾ ਦੀ ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ (ਐਨਏਸੀਆਈ) ਵੱਲੋਂ ਨਵੀਂ ਸੇਧ ਜਾਰੀ ਕੀਤੀ ਗਈ ਹੈ ਜਿਸ ਵਿੱਚ ਆਖਿਆ ਗਿਆ ਹੈ ਕਿ ਇਸ ਸਮੇਂ ਮਨਜ਼ੂਰ ਵੈਕਸੀਨਜ਼-ਫਾਈਜ਼ਰ-ਬਾਇਓਐਨਟੈਕ, ਮੌਡਰਨਾ ਤੇ ਐਸਟ੍ਰਾਜ਼ੈਨੇਕਾ ਦੀ ਦੂਜੀ ਡੋਜ਼ ਚਾਰ ਮਹੀਨੇ ਬਾਅਦ ਵੀ ਦਿੱਤੀ ਜਾ ਸਕਦੀ ਹੈ ਤੇ ਉਹ ਵੀ ਓਨੀ ਹੀ ਅਸਦਾਰ ਰਹੇਗੀ।



...ਬਾਕੀ ਪੰਨਾ 2 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH Director Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾਂ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਾਹਲਫੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need RE certified License & Training First Call to us
Cell: 416 726 6206 Tel: 905 405 0001
NC Dhawan Certified Instructor

# ਬਰੈਂਪਟਨ ਵਿੱਚ ਹੋਏ ਕਤਲ ਦੇ ਸਬੰਧ ਵਿੱਚ ਪੁਲਿਸ ਨੇ ਪੰਜ ਵਿਅਕਤੀਆਂ ਨੂੰ ਕੀਤਾ ਚਾਰਜ




ਬਰੈਂਪਟਨ, 3 ਮਾਰਚ (ਪੋਸਟ ਬਿਊਰੋ) : ਦਸੰਬਰ 2020 ਵਿੱਚ ਹੋਏ ਕਤਲ ਦੇ ਸਬੰਧ ਵਿੱਚ ਪੀਲ ਪੁਲਿਸ ਵੱਲੋਂ ਫਰਸਟ ਡਿਗਰੀ ਮਰਡਰ ਦੇ ਦੋਸ਼ ਤਹਿਤ ਪੰਜ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ।

ਮੰਗਲਵਾਰ ਨੂੰ ਫਰਸਟ ਡਿਗਰੀ ਮਰਡਰ ਦੇ ਚਾਰਜਿਜ਼ ਤਹਿਤ ਇੱਕ 17 ਸਾਲਾ ਲੜਕੇ ਤੇ 20 ਸਾਲਾ ਵਿਅਕਤੀ ਮੋਜਿਜ਼ ਟੈਸਫੇਅ ਨੂੰ ਗ੍ਰਿਫਤਾਰ ਕੀਤਾ ਗਿਆ। 19 ਫਰਵਰੀ ਨੂੰ ਪੁਲਿਸ ਵੱਲੋਂ ਇਸੇ ਮਾਮਲੇ ਵਿੱਚ 19 ਸਾਲਾ ਆਲੀਆਹ ਰੋਜਨ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਜਨਵਰੀ ਵਿੱਚ 21 ਸਾਲਾ ਹੈਲੇ ਮੈਕਵਿਕਾਰ ਤੇ 33 ਸਾਲਾ ਜੈਰੋਮ ਸਮਿੱਥ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੁਲਿਸ ਦਾ ਕਹਿਣਾ ਹੈ ਕਿ ਇਹ ਗ੍ਰਿਫਤਾਰੀਆਂ 17 ਦਸੰਬਰ ਨੂੰ ਬਰੈਂਪਟਨ ਦੇ ਵਿਅਕਤੀ ਦੇ ਹੋਏ ਕਤਲ ਦੇ ਸਬੰਧ ਵਿੱਚ ਕੀਤੀਆਂ ਗਈਆਂ ਹਨ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਦਿਨ ਸਕੌਟ ਸਟਰੀਟ ਤੇ ਚਰਚ ਸਟਰੀਟ ਨੇੜੇ ਸਥਿਤ ਇੱਕ ਘਰ ਵਿੱਚ ਸੱਦਿਆ ਗਿਆ ਤੇ ਉੱਥੇ ਉਨ੍ਹਾਂ ਨੂੰ 23 ਸਾਲਾ ਉਚੇਨਾ ਐਚੀਓਸੋ ਮਿਲਿਆ, ਜੋ ਕਿ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਸੀ। ਬਾਅਦ ਵਿੱਚ ਉਸ ਦੀ ਹਸਪਤਾਲ ਪਹੁੰਚ ਕੇ ਮੌਤ ਹੋ ਗਈ। ਇਨ੍ਹਾਂ ਗ੍ਰਿਫਤਾਰ ਕੀਤੇ ਗਏ ਸਾਰੇ ਵਿਅਕਤੀਆਂ ਉੱਤੇ ਫਰਸਟ ਡਿਗਰੀ ਮਰਡਰ ਚਾਰਜਿਜ਼ ਲਾਏ ਗਏ ਹਨ।

ਡਿਪਟੀ ਚੀਫ ਆਫ ਇਨਵੈਸਟੀਗੇਟਿਵ ਸਰਵਿਸਿਜ਼ ਨਿੱਕ ਮਿਲਿਨੋਵਿਚ ਨੇ ਇੱਕ ਰਲੀਜ਼ ਵਿੱਚ ਆਖਿਆ ਕਿ ਗੰਨ ਵਾਇਲੰਸ ਕਾਰਨ ਸਾਡੀਆਂ ਕਮਿਊਨਿਟੀਜ਼ ਉੱਤੇ ਤਬਾਹਕੁੰਨ ਅਸਰ ਪੈਂਦਾ ਹੈ। ਇਸ ਤਰ੍ਹਾਂ ਦੀ ਗੰਨ ਹਿੰਸਾ ਨਾ ਤਾਂ ਬਰਦਾਸ਼ਤ ਕੀਤਾ ਜਾ ਸਕਦਾ ਹੈ ਤੇ ਨਾ ਹੀ ਅੱਗੇ ਤੋਂ ਕੀਤਾ ਜਾਵੇਗਾ। ਜਾਂਚਕਾਰਾਂ ਵੱਲੋਂ ਇਨ੍ਹਾਂ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾਣਾ ਇਸ ਦੀ ਹੀ ਜਿਊਂਦੀ ਜਾਗਦੀ ਮਿਸਾਲ ਹੈ।

# ਪ੍ਰਿੰਸ ਫਿਲਿਪ ਦੀ ਹਾਲਤ ਵਿੱਚ ਹੋਇਆ ਮਾਮੂਲੀ ਸੁਧਾਰ



ਲੰਡਨ, 3 ਮਾਰਚ (ਪੋਸਟ ਬਿਊਰੋ) : ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈੱਥ ਦੇ 99 ਸਾਲਾ ਪਤੀ ਪ੍ਰਿੰਸ ਫਿਲਿਪ ਨੂੰ ਹਸਪਤਾਲ ਦਾਖਲ ਕਰਵਾਇਆਂ ਤੀਜਾ ਹਫਤਾ ਸ਼ੁਰੂ ਹੋ ਗਿਆ ਹੈ। ਪ੍ਰਿੰਸ ਫਿਲਿਪ ਦੀ ਨੂੰਹ ਤੇ ਡਚੈੱਸ ਆਫ ਕੌਰਨਵਾਲ ਕੈਮਿਲਾ ਨੇ ਦੱਸਿਆ ਕਿ ਪ੍ਰਿੰਸ ਫਿਲਿਪ ਦੀ ਹਾਲਤ ਵਿੱਚ ਮਾਮੂਲੀ ਸੁਧਾਰ ਆਇਆ ਹੈ ਪਰ ਥੋੜ੍ਹੀ ਤਕਲੀਫ ਅਜੇ ਵੀ ਬਣੀ ਹੋਈ ਹੈ। ਡਿਊਕ ਆਫ ਐਡਿਨਬਰਗ ਫਿਲਿਪ ਨੂੰ 16 ਫਰਵਰੀ ਨੂੰ ਦਿਲ ਦੀ ਕਿਸੇ ਸਮੱਸਿਆ ਕਾਰਨ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦਾ ਇਲਾਜ ਅਣਦੱਸੀ ਬਿਮਾਰੀ ਲਈ ਕੀਤਾ ਗਿਆ ਪਰ ਡਾਕਟਰਾਂ ਨੇ ਆਖਿਆ ਕਿ ਇਹ ਸਮੱਸਿਆ ਕੋਵਿਡ-19 ਨਾਲ ਸਬੰਧਤ ਨਹੀਂ ਹੈ।ਸੋਮਵਾਰ ਨੂੰ ਉਨ੍ਹਾਂ ਨੂੰ ਦਿਲ ਦੀਆਂ ਬਿਮਾਰੀਆਂ ਦਾ ਇਲਾਜ ਕਰਨ ਵਾਲੇ ਹਸਪਤਾਲ ਵਿੱਚ ਸ਼ਿਫਟ ਕੀਤਾ ਗਿਆ। ਇਹ ਜਾਣਕਾਰੀ ਬਕਿੰਘਮ ਪੈਲੇਸ ਵੱਲੋਂ ਦਿੱਤੀ ਗਈ।

ਸਾਊਥ ਲੰਡਨ ਦੇ ਵੈਕਸੀਨੇਸ਼ਨ ਸੈਂਟਰ ਦੇ ਦੌਰੇ ਉੱਤੇ ਗਈ ਪ੍ਰਿੰਸ ਚਾਰਲਸ ਦੀ ਪਤਨੀ ਕੈਮਿਲਾ ਨੇ ਆਖਿਆ ਕਿ ਪ੍ਰਿੰਸ ਫਿਲਿਪ ਦੀ ਹਾਲਤ ਵਿੱਚ ਮਾਮੂਲੀ ਸੁਧਾਰ ਹੈ ਪਰ ਉਨ੍ਹਾਂ ਨੂੰ ਤਕਲੀਫ ਵੀ ਹੈ।

# ਕੋਵਿਡ-19 ਵੇਜ ਤੇ ਰੈਂਟ ਸਬਸਿਡੀ ਜੂਨ ਤੱਕ ਵਧਾਵੇਗੀ ਫੈਡਰਲ ਸਰਕਾਰ



ਓਟਵਾ, 3 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਸਰਕਾਰ ਕੈਨੇਡਾ ਐਮਰਜੰਸੀ ਵੇਜ ਸਬਸਿਡੀ ਅਤੇ ਕੈਨੇਡਾ ਐਮਰਜੰਸੀ ਰੈਂਟ ਸਬਸਿਡੀ ਵਿੱਚ ਇਸ ਸਾਲ ਜੂਨ ਤੱਕ ਵਾਧਾ ਕਰਨ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਇਹ ਫੈਸਲਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਦੇਸ਼ ਅਜੇ ਵੀ ਮਹਾਂਮਾਰੀ ਦੇ ਚੁੰਗਲ ਵਿੱਚੋਂ ਬਾਹਰ ਨਹੀਂ ਆ ਸਕਿਆ ਹੈ।

ਟਰੂਡੋ ਨੇ ਆਖਿਆ ਕਿ ਭਾਵੇਂ ਅਰਥਚਾਰੇ ਵਿੱਚ ਸੁਧਾਰ ਹੋਣ ਦੇ ਸੰਕੇਤ ਮਿਲ ਰਹੇ ਹਨ ਤੇ ਟੀਕਾਕਰਣ ਵੀ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ ਪਰ ਅਜੇ ਵੀ ਮਦਦ ਦੀ ਲੋੜ ਤਾਂ ਹੈ। ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਵੇਜ ਤੇ ਰੈਂਟ ਸਬਸਿਡੀਜ਼ ਬਸੰਤ ਤੱਕ ਜਾਰੀ ਰਹਿਣ ਤੇ ਮਦਦ ਲਗਾਤਾਰ ਬਣੀ ਰਹੇ।

ਇਸ ਵੇਜ ਸਬਸਿਡੀ ਤਹਿਤ ਯੋਗ ਇੰਪਲੌਇਰਜ਼ ਨੂੰ 75 ਫੀ ਸਦੀ ਕਵਰੇਜ ਮੁਹੱਈਆ ਕਰਵਾਉਂਦੀ ਹੈ ਜਦਕਿ ਰੈਂਟ ਸਬਸਿਡੀ 65 ਫੀ ਸਦੀ ਹੀ ਰੱਖੀ ਜਾਵੇਗੀ। ਦਿਨੋਂ ਦਿਨ ਮਹਾਂਮਾਰੀ ਕਾਰਨ ਆਉਣ ਵਾਲੀਆਂ ਸਿਹਤ ਸਬੰਧੀ ਨਵੀਆਂ ਗਾਈਡਲਾਈਨਜ਼ ਕਾਰਨ ਸੱਭ ਤੋਂ ਵੱਧ ਨੁਕਸਾਨ ਸਹਿਣ ਵਾਲੇ ਕਾਰੋਬਾਰੀ ਅਦਾਰਿਆਂ ਲਈ ਵੀ 25 ਫੀ ਸਦੀ ਲਾਕਡਾਊਨ ਸਬਸਿਡੀ ਸਰਕਾਰ ਵੱਲੋਂ ਦਿੱਤੀ ਜਾਵੇਗੀ।

ਟਰੂਡੋ ਨੇ ਆਖਿਆ ਕਿ ਇਹ ਸਮਾਂ ਵਰਕਰਜ਼ ਤੇ ਕਾਰੋਬਾਰੀ ਅਦਾਰਿਆਂ ਤੋਂ ਮਦਦ ਵਾਪਿਸ ਲੈਣ ਦਾ ਨਹੀਂ ਹੈ, ਹੁਣ ਤਾਂ ਇੰਜ ਲੱਗ ਰਿਹਾ ਹੈ ਕਿ ਮਹਾਂਮਾਰੀ ਖਿਲਾਫ ਆਖਰੀ ਹੰਭਲਾ ਮਾਰਨ ਦਾ ਸਮਾਂ ਆ ਗਿਆ ਹੈ ਤੇ ਇਸ ਤੋਂ ਬਾਅਦ ਅਰਥਚਾਰਾ ਇੱਕ ਵਾਰੀ ਮੁੜ ਪੈਰਾਂ ਸਿਰ ਹੋ ਜਾਵੇਗਾ। ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਇਸ ਔਖੀ ਘੜੀ ਵਿੱਚ ਜਿੰਨਾਂ ਚਿਰ ਕੈਨੇਡੀਅਨਾਂ ਦੀ ਮਦਦ ਕਰਨੀ ਪਵੇਗੀ ਸਾਡੀ ਸਰਕਾਰ ਕਰਦੀ ਰਹੇਗੀ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਅਸੀਂ ਖੜ੍ਹੇ ਹੋ ਸਕੀਏ।

## ਸੁਪਰੀਮ ਕੋਰਟ ਨੇ ਝਾੜ ਪਾਈ

# ਸਰਕਾਰ ਤੋਂ ਵੱਖਰੀ ਰਾਏ ਕੋਈ ਦੇਸ਼ ਧ੍ਰੋਹ ਨਹੀਂ ਬਣ ਜਾਂਦੀ

## * ਫਾਰੂਕ ਅਬਦੁੱਲਾ ਵਿਰੁੱਧ ਪਟੀਸ਼ਨ ਰੱਦ, ਪਟੀਸ਼ਨਰ ਨੂੰ ਮੋਟਾ ਜੁਰਮਾਨਾ



ਨਵੀਂ ਦਿੱਲੀ, 3 ਮਾਰਚ, (ਪੋਸਟ ਬਿਊਰੋ)-ਭਾਰਤ ਦੀ ਸੁਪਰੀਮ ਕੋਰਟ ਨੇ ਜੰਮੂ-ਕਸ਼ਮੀਰ ਵਿਚ ਧਾਰਾ 370 ਨੂੰ ਹਟਾਉਣ ਬਾਰੇ ਦਾਇਰ ਕੀਤੀ ਗਈ ਇੱਕ ਪਟੀਸ਼ਨ ਅੱਜ ਬੁੱਧਵਾਰ ਨੂੰ ਰੱਦ ਕਰ ਦਿੱਤੀ ਹੈ। ਸੁਪਰੀਮ ਕੋਰਟ ਨੇ ਇਸ ਕੇਸ ਵਿੱਚ ਇੱਕ ਮਹੱਤਵਪੂਰਨ ਟਿਪਣੀ ਕਰਦਿਆਂ ਕਿਹਾ ਕਿ 'ਉਸ ਰਾਏ ਦਾ ਪ੍ਰਗਟਾਵਾ, ਜੋ ਸਰਕਾਰ ਦੀ ਰਾਏ ਤੋਂ ਵੱਖ ਹੋਵੇ ਅਤੇ ਅਸਹਿਮਤੀ ਪ੍ਰਗਟ ਕਰਨ ਵਾਲੀ ਰਾਏ ਨੂੰ ਦੇਸ਼-ਧ੍ਰੋਹ ਨਹੀਂ ਕਿਹਾ ਜਾ ਸਕਦਾ।

ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਦੇ ਖਿਲਾਫ ਦੇਸ਼-ਧ੍ਰੋਹ ਕਾਨੂੰਨ ਦੇ ਅਨੁਸਾਰ ਕਾਰਵਾਈ ਕਰਨ ਦੇ ਆਦੇਸ਼ ਜਾਰੀ ਕਰਨ ਲਈ ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਦਾਇਰ ਕੀਤੀ ਗਈ ਸੀ। ਰਜਤ ਸ਼ਰਮਾ ਨਾਮ ਦੇ ਵਿਅਕਤੀ ਨੇ ਅਦਾਲਤ ਵਿੱਚ ਅਰਜ਼ੀ ਦਿੱਤੀ ਤੇ ਜੰਮੂ ਕਸ਼ਮੀਰ ਵਿੱਚ ਧਾਰਾ 370 ਤੋੜੇ ਜਾਣ ਭਾਰਤ ਸਰਕਾਰ ਦੇ ਫੈਸਲੇ ਦੇ ਖਿਲਾਫ ਬਿਆਨ ਦੇਣ ਕਾਰਨ ਫਾਰੂਕ ਅਬਦੁੱਲਾ ਦੇ ਖਿਲਾਫ ਦੇਸ਼-ਧ੍ਰੋਹ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੇ ਆਦੇਸ਼ ਦੇਣ ਦੀ ਮੰਗ ਕੀਤੀ ਸੀ। ਇਸ ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਫਾਰੂਕ ਅਬਦੁੱਲਾ ਨੇ ਦੇਸ਼ ਵਿਰੋਧੀ ਬਿਆਨ ਦਿੱਤਾ ਅਤੇ ਦੇਸ਼ ਵਿਰੋਧੀ ਕਾਰਵਾਈਆਂ ਕੀਤੀਆਂ ਹਨ, ਇਸ ਲਈ ਨਾ ਸਿਰਫ ਗ੍ਰਹਿ ਮੰਤਰਾਲੇ ਨੂੰ ਉਨ੍ਹਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ,ਸਗੋਂ ਉਨ੍ਹਾਂ ਦੀ ਪਾਰਲੀਮੈਂਟਮੈਂਬਰੀ ਵੀ ਰੱਦ ਕਰਨੀ ਚਾਹੀਦੀ ਹੈ। ਜੇ ਉਨ੍ਹਾਂ ਨੂੰ ਪਾਰਲੀਮੈਂਟ ਮੈਂਬਰ ਰੱਖਿਆ ਜਾਂਦਾ ਹੈ,ਤਾਂ ਇਸਦਾ ਅਰਥ ਭਾਰਤ ਵਿਚ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਸਵੀਕਾਰਿਆ ਜਾਣਾ ਹੋਵੇਗਾ ਅਤੇ ਇਸ ਨਾਲ ਦੇਸ਼ ਦੀ ਏਕਤਾ ਦਾ ਨੁਕਸਾਨ ਹੋਵੇਗਾ।'

ਪਟੀਸ਼ਨਰ ਨੇ ਕਿਹਾ ਸੀ ਕਿ ਫਾਰੂਕਅਬਦੁੱਲਾ ਨੇ ਬਿਆਨ ਦਿੱਤਾ ਹੈ ਕਿ ਉਹ 370 ਦੁਬਾਰਾ ਲਾਗੂ ਕਰੇਗਾ ਅਤੇ ਇਹ ਬਿਆਨ ਦੇਸ਼-ਧ੍ਰੋਹ ਦੇ ਬਰਾਬਰ ਹੈ, ਕਿਉਂਕਿ ਇਸ ਹੁਕਮ ਨੂੰ ਪਾਰਲੀਮੈਂਟ ਨੇ ਬਹੁਮਤ ਨਾਲ ਪਾਸ ਕੀਤਾ ਸੀ' ਪਟੀਸ਼ਨ ਕਰਤਾ ਦੇ ਅਨੁਸਾਰ ਫਾਰੂਕਅਬਦੁੱਲਾ ਨੇ ਇਹ ਵੀ ਬਿਆਨ ਦਿੱਤਾ ਸੀ ਕਿ ਉਹ ਧਾਰਾ 370 ਬਹਾਲ ਕਰਨ ਲਈ ਚੀਨ ਦੀ ਮਦਦ ਮੰਗੇਗਾ, ਜੋ ਸਪੱਸ਼ਟ ਤੌਰ ਉੱਤੇਦੇਸ਼-ਧ੍ਰੋਹ ਹੈ, ਜਿਵੇਂ ਅਬਦੁੱਲਾ ਕਸ਼ਮੀਰ ਨੂੰ ਚੀਨ ਅਤੇ ਪਾਕਿਸਤਾਨ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ,ਇਸ ਲਈ ਉਨ੍ਹਾਂ ਦੀ ਪਾਰਲੀਮੈਂਟ ਮੈਂਬਰੀ ਖਤਮ ਕਰਕੇ ਜੇਲ੍ਹ ਭੇਜਣਾ ਚਾਹੀਦਾ ਹੈ। ਪਟੀਸ਼ਨਰ ਨੇ ਇਹ ਵੀ ਕਿਹਾ ਸੀ ਕਿ ਉਸ ਨੇ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਸੰਬਿਤ ਪਾਤਰਾ ਦੇ ਉਸ ਬਿਆਨ ਉੱਤੇ ਭਰੋਸਾ ਕੀਤਾ ਹੈ, ਜਿਸ ਵਿਚ ਉਸ ਨੇ ਕਿਹਾ ਸੀ ਕਿ 'ਅਬਦੁੱਲਾਜੰਮੂ-ਕਸ਼ਮੀਰ ਦੇ ਲੋਕਾਂ ਨੂੰ ਗੁਮਰਾਹ ਕਰਨ ਲਈ ਚੀਨ ਵਿਚ ਸ਼ਾਮਲ ਹੋਣ ਲਈ ਧਾਰਾ 370 ਬਹਾਲ ਕਰਨਾ ਚਾਹੁੰਦੇ ਹਨ।'

ਅੱਜ ਸੁਪਰੀਮ ਕੋਰਟ ਨੇ ਇਹ ਅਰਜ਼ੀ ਰੱਦ ਕਰ ਕੇ ਪਟੀਸ਼ਨਰ ਨੂੰ 50,000 ਰੁਪਏ ਜੁਰਮਾਨਾ ਲਾਇਆ ਅਤੇ ਕਿਹਾ ਕਿ ਪਟੀਸ਼ਨਰ ਆਪਣੀ ਅਪੀਲ ਨੂੰ ਸਾਬਤ ਕਰਨ ਵਿੱਚ ਅਸਫਲ ਰਿਹਾ ਹੈ ਕਿ ਫਾਰੂਕ ਅਬਦੁੱਲਾ ਨੇ ਧਾਰਾ 370 ਉੱਤੇ ਭਾਰਤ ਵਿਰੁੱਧ ਚੀਨ ਅਤੇ ਪਾਕਿਸਤਾਨ ਤੋਂ ਮੱਦਦ ਦੀ ਮੰਗ ਕੀਤੀ ਸੀ।

# ਭਾਰਤ ਵਿਚ ਤਿਆਰ ਕੋਵੀਸ਼ੀਲਡ ਵੈਕਸੀਨ ਦੀਆਂ 500,000 ਡੋਜ਼ਾਂ ਕੈਨੇਡਾ ਪਹੁੰਚੀਆਂ

.....ਪੰਨਾ 1 ਦਾ ਬਾਕੀ

ਇਸ ਸਬੰਧ ਵਿੱਚ ਹੋਏ ਸਮਝੌਤੇ ਅਨੁਸਾਰ ਮਈ ਤੱਕ ਭਾਰਤ ਵੱਲੋਂ ਕੈਨੇਡਾ ਨੂੰ 2 ਮਿਲੀਅਨ ਡੋਜ਼ਾਂ ਦੇਣ ਦਾ ਵਾਅਦਾ ਕੀਤਾ ਗਿਆ ਹੈ। ਇਹ ਵੈਕਸੀਨ ਭਾਰਤ ਦੇ ਸੀਰਮ ਇੰਸਟੀਚਿਊਟ ਤੇ ਵੈਰਿਟੀ ਫਾਰਮਾਸਿਊਟੀਕਲ ਆਫ ਕੈਨੇਡਾ ਦਰਮਿਆਨ ਹੋਏ ਸਮਝੌਤੇ ਅਨੁਸਾਰ ਤਿਆਰ ਕੀਤੀ ਜਾ ਰਹੀ ਹੈ।

ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਅਜੇ ਬਿਸਾਰੀਆ ਤੇ ਫੈਡਰਲ ਮਨਿਸਟਰ ਆਫ ਪਬਲਿਕ ਸਰਵਿਸਿਜ਼ ਐਂਡ ਪ੍ਰੋਕਿਓਰਮੈਂਟ ਅਨੀਤਾ ਆਨੰਦ ਵੱਲੋਂ ਟੋਰਾਂਟੋ ਦੇ ਇਨੋਮਾਰ ਵੇਅਰਹਾਊਸ ਵਿੱਚ ਇਸ ਖੇਪ ਨੂੰ ਸਵੀਕਾਰਿਆ ਗਿਆ। ਇੰਡੋ ਕੈਨੇਡੀਅਨ ਮੰਤਰੀ ਆਨੰਦ ਵੱਲੋਂ ਹੀ ਕੈਨੇਡਾ ਵੱਲੋਂ ਵੈਕਸੀਨ ਨੂੰ ਪ੍ਰੋਕਿਓਰ ਕਰਕੇ ਰੱਖਣ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਭਾਰਤ ਦੇ ਸੀਰਮ ਇੰਸਟੀਚਿਊਟ ਨਾਲ ਡੀਲ ਸਿਰੇ ਚੜ੍ਹਾਉਣ ਵਿੱਚ ਵੀ ਆਨੰਦ ਨੇ ਅਹਿਮ ਭੂਮਿਕਾ ਨਿਭਾਈ।

# ਚਾਰ ਮਹੀਨੇ ਬਾਅਦ ਵੀ ਦਿੱਤੀ ਜਾ ਸਕਦੀ ਹੈ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ : ਐਨਏਸੀਆਈ

.....ਪੰਨਾ 1 ਦਾ ਬਾਕੀ

ਆਨਲਾਈਨ ਪੋਸਟ ਕੀਤੇ ਇੱਕ ਨਵੇਂ ਬਿਆਨ ਵਿੱਚ ਐਨਏਸੀਆਈ ਨੇ ਸਿਫਾਰਸ਼ ਕੀਤੀ ਹੈ ਕਿ ਕੋਵਿਡ-19 ਦੀ ਸੀਮਤ ਸਪਲਾਈ ਕਾਰਨ ਸਰਕਾਰਾਂ ਅਜਿਹੇ ਲੋਕਾਂ ਦੀ ਗਿਣਤੀ ਵਧਾ ਸਕਦੀਆਂ ਹਨ ਜਿਨ੍ਹਾਂ ਨੇ ਪਹਿਲੀ ਡੋਜ਼ ਲੈ ਲਈ ਹੋਵੇ। ਕਮੇਟੀ ਨੇ ਆਖਿਆ ਕਿ ਦੂਜੀ ਡੋਜ਼ ਚਾਰ ਮਹੀਨੇ ਬਾਅਦ ਵੀ ਲਈ ਜਾ ਸਕਦੀ ਹੈ ਤੇ ਉਸ ਦੇ ਅਸਰ ਉੱਤੇ ਕੋਈ ਫਰਕ ਨਹੀਂ ਪੈਂਦਾ।

ਦੋ ਐਮਆਰਐਨਏ ਵੈਕਸੀਨਜ਼ ਫਾਈਜ਼ਰ ਤੇ ਮੌਡਰਨਾ ਦੀ ਸੰਭਾਵੀ ਸਪਲਾਈ ਦੇ ਆਧਾਰ ਉੱਤੇ ਯੋਗ ਆਬਾਦੀ ਵਿੱਚੋਂ 80 ਫੀ ਸਦੀ ਨੂੰ ਜੂਨ ਦੇ ਅੰਤ ਤੱਕ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਦਿੱਤੀ ਜਾ ਸਕਦੀ ਹੈ। ਇਹ ਉਸ ਸੂਰਤ ਵਿੱਚ ਹੋ ਸਕਦਾ ਹੈ ਜੇ ਵੈਕਸੀਨ ਦੀਆਂ ਡੋਜ਼ਾਂ ਵਿੱਚ ਚਾਰ ਮਹੀਨੇ ਦੇ ਫਰਕ ਦਾ ਸਿਲਸਿਲਾ ਇਸ ਮਹੀਨੇ ਤੋਂ ਲਾਗੂ ਕਰ ਦਿੱਤਾ ਜਾਵੇ ਤੇ ਦੂਜੀਆਂ ਡੋਜ਼ਾਂ ਜੁਲਾਈ ਵਿੱਚ ਦੇਣੀਆਂ ਸ਼ੁਰੂ ਕੀਤੀਆਂ ਜਾਣ।ਐਨਏਸੀਆਈ ਨੇ ਆਖਿਆ ਕਿ ਪਿੱਛੇ ਜਿਹੇ ਕੀਤੀਆਂ ਗਈਆਂ ਸਾਇੰਟਿਫਿਕ ਸਟੱਡੀਜ਼ ਤੋਂ ਇੱਕਠੇ ਕੀਤੇ ਗਏ ਸਬੂਤਾਂ ਉੱਤੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਹੀ ਉਹ ਇਸ ਨਤੀਜੇ ਉੱਤੇ ਪਹੁੰਚੀ ਹੈ।




## ਅੱਜ ਨਾਮਾ

ਪੰਜਾਂ ਸੀਟਾਂ ਲਈ ਦਿੱਲੀ ਵਿੱਚ ਚੋਣ ਹੋਈ,
ਪਾਰਟੀ 'ਆਪ' ਨੇ ਜਿੱਤੀਆਂ ਚਾਰ ਭਾਈ।
ਸਿੱਟਾ ਆਇਆ ਅਜਬ ਜਿਹਾ ਪੰਜਵੀਂ ਦਾ,
ਕਾਂਗਰਸ ਪਾਰਟੀ ਦਾਅ ਗਈ ਮਾਰ ਭਾਈ।
ਸੀਟ ਇੱਕ ਵੀ ਆਈ ਨਹੀਂ ਭਾਜਪਾ ਦੀ,
ਸਾਰੇ ਥਾਂਈਂ ਹੀ ਗਈ ਇਹ ਹਾਰ ਭਾਈ।
ਰਾਜਧਾਨੀ ਵਿੱਚ ਖਿਸਕ ਰਹੇ ਪੈਰ ਜਾਪਣ,
ਸਾਰੇ ਮੁਲਕ ਵਿੱਚ ਸੂਕ ਰਹੀ ਡਾਰ ਭਾਈ।
ਕਹਿ ਰਿਹਾ ਕੋਈ ਕਿਸਾਨ ਹਨ ਜੜ੍ਹੀਂ ਬੈਠੇ,
ਕਹਿੰਦਾ ਕੋਈ ਮਹਿੰਗਾਈ ਨੇ ਮਾਰਿਆ ਈ।
ਜਿਹੜਾ ਲਾਵੇ ਪਿਆ ਦੌੜ ਬੰਗਾਲ ਤੀਕਰ,
ਛਾਵੇਂ ਤਖਤ ਦੇ ਪਿਆ ਬਈ ਹਾਰਿਆ ਈ।

ਤੀਸ ਮਾਰ ਖਾਂ

# ਬੀ ਬੀ ਸੀ ਦੇ ਲਾਈਵ ਰੇਡੀਓ ਸ਼ੋਅ ਦੌਰਾਨ ਕਾਲਰ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਮਾਂ ਦੀ ਗਾਲ੍ਹ ਕੱਢੀ

### * ਸ਼ੋਅ ਅਤੇ ਹੋਸਟ ਵਿਰੁੱਧ ਭਾਰਤ ਅਤੇ ਹੋਰਨੀਂ ਥਾਂਈਂ ਰੋਸ

ਲੰਡਨ, 3 ਮਾਰਚ, (ਪੋਸਟ ਬਿਊਰੋ)- ਬੀ ਬੀ ਸੀ ਰੇਡੀਓ ਦੇ ਲਾਈਵ ਸ਼ੋਅ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੰਦੇ ਸ਼ਬਦ ਬੋਲੇ ਜਾਣ ਦਾ ਮੁੱਦਾ ਭੜਕ ਪਿਆ ਹੈ।
ਅਸਲ ਵਿੱਚ ਬ੍ਰਿਟੇਨ ਵਿੱਚ ਬੀ ਬੀ ਸੀ ਏਸ਼ੀਅਨ ਨੈਟਵਰਕ ਵੱਲੋਂ ਚਲਾਏ ਜਾਂਦੇ ਇੱਕ ਲਾਈਵ ਰੇਡੀਓ ਪ੍ਰੋਗਰਾਮ ਦੇ ਦੌਰਾਨ ਇੱਕ ਕਾਲਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ 99 ਸਾਲਾ ਮਾਂ ਨੂੰ ਗਾਲਾਂ ਕੱਢ ਦਿੱਤੀਆਂ। ਇਹ ਪ੍ਰੋਗਰਾਮ ਬੀਤੇ ਸੋਮਵਾਰ 1 ਮਾਰਚ ਨੂੰ ਹੋਇਆ ਸੀ, ਪਰ ਇਹ ਮਾਮਲਾ ਓਦੋਂ ਭੜਕ ਪਿਆ, ਜਦੋਂ ਬ੍ਰਿਟੇਨ ਵਿਚ ਰਹਿਣ ਵਾਲੇ ਭਾਰਤੀ ਲੋਕਾਂ ਨੇ ਟਵਿੱਟਰ ਉੱਤੇ ਇਸ ਘਟਨਾ ਦੀ ਸਖ਼ਤ ਆਲੋਚਨਾ ਕੀਤੀ। ਸਿੱਖ ਮਸਲਿਆਂ ਬਾਰੇ ਬੀ ਬੀ ਸੀ ਦਾ ਇਹ ਪ੍ਰੋਗਰਾਮ ਤਿੰਨ ਘੰਟੇ ਚਲਾਇਆ ਗਿਆ, ਜਿਸ ਵਿੱਚ ਬ੍ਰਿਟਿਸ਼ ਸੋਪ ਓਪੇਰਾ ਈਸਟੈਂਡਰਜ਼ ਦੇ ਇੱਕ ਐਪੀਸੋਡ ਵਿਚਸਿੱਖਾਂ ਦੀ ਦਸਤਾਰ ਨੂੰ ਤਾਜ ਕਹਿ ਕੇ ਸੰਬੋਧਨ ਕੀਤਾ ਗਿਆ ਸੀ। ਇਸ ਪ੍ਰੋਗਰਾਮ ਲੋਕਾਂ ਦੇ ਵਿਚਾਰ ਜਾਨਣ ਲਈ ਬੀ ਬੀ ਸੀ ਸ਼ੋਅ ਰੱਖਿਆ ਗਿਆ ਸੀ ਕਿ ਇਸ ਨਾਲ ਯੂ ਕੇ ਵਿਚਲੇ ਸਿੱਖ ਭਾਈਚਾਰੇ ਨੂੰ ਮਾਣ ਮਹਿਸੂਸ ਹੁੰਦਾ ਹੈ ਕਿ ਨਹੀਂ। ਇਸ ਪ੍ਰੋਗਰਾਮ ਦੀ ਹੋਸਟ ਐਂਕਰ ਪ੍ਰਿਆ ਰਾਏ ਬਣਾਈ ਗਈ ਸੀ, ਜਿਸ ਵਿੱਚ ਬਹੁਤ ਸਾਰੇ ਸਰੋਤਿਆਂ ਦੇ ਫੋਨ ਆਏ ਅਤੇ ਉਨ੍ਹਾਂ ਨੇ ਸਿੱਖਾਂ ਦੇ ਸੰਘਰਸ਼ ਬਾਰੇ ਆਪਣੀ ਰਾਏ ਜ਼ਾਹਰ ਕੀਤੀ। ਉਸੇ ਦੌਰਾਨ ਸਾਈਮਨ




ਨਾਮ ਦੇ ਇੱਕਕਾਲਰ ਨੇ ਇਸ ਸ਼ੋਅ ਵਿੱਚ ਸ਼ਾਮਲ ਹੁੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਮਾਂ ਬਾਰੇ ਅਪਸ਼ਬਦ ਬੋਲੇ। ਅਚਾਨਕ ਇਸ ਕਿਸਮ ਦੀ ਘ੍ਰਿਣਾ-ਯੋਗ ਸ਼ਬਦਾਂ ਦੀ ਵਰਤੋਂ ਤੋਂ ਸ਼ੋਅ ਦੀ ਹੋਸਟ ਰਾਏ ਹੈਰਾਨ ਰਹਿ ਗਈ। ਸਾਈਮਨ ਪਹਿਲਾਂ ਵੀ ਏਦਾਂ ਦੀਆਂ ਇਤਰਾਜ਼ਯੋਗ ਟਿੱਪਣੀਆਂ ਕਰਨ ਲਈ ਜਾਣਿਆ ਜਾਂਦਾ ਹੈ। ਉਸ ਵੱਲੋਂ ਇਤਰਾਜ਼ਯੋਗ ਸ਼ਬਦ ਬੋਲਣ ਉਤੇ ਹੋਸਟ ਪ੍ਰਿਆ ਰਾਏ ਨੇ ਡੈਮੇਜ ਕੰਟਰੋਲ ਕਰਨ ਦੀ ਕੋਸ਼ਿਸ਼ ਵਿੱਚ ਕਿਹਾ ਕਿ 'ਓਕੇ, ਹੈਂਗ ਆਨ ਟੇਕ ਏ ਸੈਕਿੰਡ, ਹੀਅਰ ਸਾਈਮਨ, ਥੈਂਕ ਯੂ ਵੈਰੀ ਮੱਚ ਫਾਰ ਕਾਲਿੰਗ।' ਸ਼ੋਅ ਦਾ ਇਹ ਹਿੱਸਾ ਸੋਸ਼ਲ ਮੀਡੀਆ ਉੱਤੇਸ਼ੇਅਰ ਕੀਤਾ ਗਿਆ ਤਾਂ ਕਈ ਲੋਕਾਂ ਨੇ ਸਖਤ ਇਤਰਾਜ਼ ਕੀਤਾ। ਬਹੁਤ ਸਾਰੇ ਲੋਕਾਂ ਨੇ ਰੇਡੀਓ ਸ਼ੋਅ ਦੇ ਹੋਸਟ ਦੇ ਨਾਲਬੀ ਬੀ ਸੀ ਉੱਤੇ ਵੀ ਭੜਾਸ ਕੱਢੀ ਅਤੇ ਕਿਹਾ ਕਿ ਹੋਸਟ ਅਤੇ ਅਦਾਰੇ ਨੇ ਇਸ ਉੱਤੇ ਇਤਰਾਜ਼ ਕਿਉਂ ਨਹੀਂ ਕੀਤਾ।

## ਜਾਤੀਵਾਦ ਅਮਰੀਕਾ ਵਿੱਚ ਵੀ!

# ਅਮਰੀਕਾ ਵਿੱਚ ਦਲਿਤ ਸ਼ੋਸ਼ਣ ਦਾ ਕੇਸ ਸੁਪਰੀਮ ਕੋਰਟ ਜਾ ਪੁੱਜਾ

### * ਅਗਲੀ 9 ਮਾਰਚ ਨੂੰ ਸੁਣਵਾਈ ਹੋਵੇਗੀ

ਵਾਸ਼ਿੰਗਟਨ, 3 ਮਾਰਚ, (ਪੋਸਟ ਬਿਊਰੋ)- ਜਾਤੀ ਦੇ ਆਧਾਰ ਉੱਤੇਵਿਤਕਰੇ ਖ਼ਿਲਾਫ਼ ਸੰਘਰਸ਼ ਕਰਨ ਵਾਲੇ ਅਮਰੀਕਾ ਦੇ ਅੰਬੇਡਕਰ ਇੰਟਰਨੈਸ਼ਨਲ ਸੈਂਟਰ (ਏਆਈਸੀ) ਨੇ ਕੈਲੀਫੋਰਨੀਆ ਦੀ ਸੁਪਰੀਮ ਕੋਰਟ ਵਿੱਚ ਏਮੀਕਸ ਕਿਊਰੀ ਦੇ ਤੌਰ ਉੱਤੇ ਇਕ ਕੇਸ ਵਿੱਚਆਪਣੇ ਆਪ ਨੂੰ ਪੇਸ਼ ਕੀਤਾ ਹੈ। ਇਹ ਮੁਕੱਦਮਾ ਕੰਮ-ਕਾਜ ਵਾਲੀਆਂ ਥਾਵਾਂ ਉੱਤੇ ਜਾਤੀ ਦੇ ਆਧਾਰ ਉੱਤੇਵਿਤਕਰਾ ਕੀਤੇ ਜਾਣ ਦਾ ਦੱਸਿਆ ਜਾ ਰਿਹਾ ਹੈ।
ਏਮੀਕਸ ਕਿਊਰੀ ਇਕ ਤਰ੍ਹਾਂ ਅਦਾਲਤ ਦੀ ਮਦਦ ਕਰਨ ਲਈ ਨਿਯੁਕਤ ਹੁੰਦੇ ਹਨ, ਜੋ ਉਸ ਕੇਸ ਵਿੱਚ ਪਾਰਟੀ ਨਹੀਂ ਹੁੰਦੇ, ਪਰ ਕਾਨੂੰਨ ਦੇ ਪੱਖਾਂ ਬਾਰੇ ਕੇਸ ਵਿੱਚ ਅਦਾਲਤ ਨੂੰ ਸੁਝਾਅ ਦਿੰਦੇ ਹਨ। ਜਾਤੀ ਆਧਾਰਤ ਵਿਤਕਰੇ ਦੇ ਕੇਸ ਦੀ ਸੁਣਵਾਈ ਇਸ 9 ਮਾਰਚ ਨੂੰ ਹੈ। ਕੈਲੀਫੋਰਨੀਆ ਦੀ ਰੈਗੂਲੇਟਰੀ ਸੰਸਥਾ ਨੇ ਸਿਸਕੋ ਸਿਸਟਮ ਉੱਤੇ ਇਕ ਭਾਰਤੀ ਇੰਜੀਨੀਅਰ ਨਾਲ ਜਾਤੀ ਦੇ ਆਧਾਰ ਉੱਤੇਵਿਤਕਰੇ ਦਾ ਕੇਸ ਦਰਜ ਕੀਤਾ ਹੈ। ਇਹ ਇੰਜੀਨੀਅਰ ਦਲਿਤ ਜਾਤੀ ਵਿੱਚੋਂ ਹੈ। ਅਮਰੀਕਾ ਵਿੱਚ ਜਾਤੀ ਦੇ ਆਧਾਰ ਉੱਤੇਵਿਤਕਰੇ ਦਾ ਇਹ ਕੇਸ ਜਾਤੀ ਵਿਰੋਧੀ ਅੰਦੋਲਨ ਵਜੋਂ ਦੇਖਿਆ ਜਾ ਰਿਹਾ ਹੈ। ਇਸ ਦਲਿਤ ਇੰਜੀਨੀਅਰ ਨੇ ਦੂਸਰੇ ਲੋਕਾਂ ਨੂੰ ਜਾਤੀ ਆਧਾਰ ਉੱਤੇ ਸ਼ੋਸ਼ਣ ਦੇ ਖ਼ਿਲਾਫ਼ ਬੋਲਣ ਦਾ ਰਾਹ ਦਿਖਾਇਆ ਹੈ। ਏਆਈਸੀ ਨੇ ਅਦਾਲਤ ਵਿੱਚ ਏਮੀਕਸ ਦਾਖ਼ਲ ਕਰਦੇ ਹੋਏ ਇਸ ਕੇਸ ਦੇ ਮਾਹਰ ਅਤੇ ਜਾਤੀ ਦੇ ਆਧਾਰ ਉੱਤੇਵਿਤਕਰੇ ਦੀ ਸਾਰੀ ਜਾਣਕਾਰੀ ਹਾਸਲ ਕਰਵਾਉਣ ਲਈ ਕਿਹਾ ਹੈ।

# ਦਲ-ਬਦਲੀ ਮਾਮਲਾ: ਜ਼ੀਰੋ ਆਵਰ ਦੌਰਾਨ ਸਪੀਕਰ ਨੇ ਕਿਹਾ, ਜਿਸਨੂੰ ਇਤਰਾਜ ਹੈ, ਉਹ ਅਦਾਲਤ ਜਾ ਸਕਦੈ

ਚੰਡੀਗੜ੍ਹ, 3 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਚਲੰਤ ਸੈਸ਼ਨ ਦੇ ਦੂਸਰੇ ਦਿਨ ਜ਼ੀਰੋ ਆਵਰ ਦੇ ਦੌਰਾਨ ਜਦੋਂ ਕੁਝ ਮੈਂਬਰਾਂ ਨੇ ਲੋਕਾਂ ਨਾਲ ਜੁੜੇ ਮੁੱਦੇ ਉਠਾਏ, ਓਦੋਂ ਕੁਝ ਵਿਧਾਇਕਾਂ ਨੇ ਦਲ-ਬਦਲੀ ਕਾਨੂੰਨ ਅਧੀਨ ਕੁਝ ਮੈਂਬਰਾਂ ਦੇ ਖਿਲਾਫ ਚੱਲਦੇ ਮਾਮਲਿਆਂ ਨੂੰ ਸਪੀਕਰ ਵੱਲੋਂ ਲਟਕਾਏ ਜਾਣ ਉੱਤੇ ਸਵਾਲ ਖੜੇ ਕਰ ਦਿੱਤੇ।



ਅਸਲ ਵਿੱਚ ਆਮ ਆਦਮੀ ਪਾਰਟੀ ਵੱਲੋਂ ਜਿੱਤੇ ਹੋਏ ਅਤੇ ਪਰ ਫਾਸਲੇ ਉੱਤੇ ਚੱਲ ਰਹੇ ਵਿਧਾਇਕ ਕੰਵਰ ਸੰਧੂ ਨੇ ਕਿਹਾ ਸੀ ਕਿ ਵਿਧਾਨ ਸਭਾ ਵਿਚ ਨਵੀਂਆਂ ਪ੍ਰੰਪਰਾ ਬਣ ਰਹੀਆਂ ਹਨ। ਉਹ ਗਵਰਨਰ ਦੇ ਭਾਸ਼ਣ ਦੌਰਾਨ ਹੋਏ ਹੰਗਾਮੇ ਤੇ ਭਾਸ਼ਣ ਦੀਆਂ ਕਾਪੀਆਂ ਪਾੜੇ ਜਾਣ ਦਾ ਜ਼ਿਕਰ ਕਰ ਰਹੇ ਸਨ। ਕੰਵਰ ਸੰਧੂ ਨੇ ਕਿਹਾ ਕਿ ਅਜਿਹਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਸਪੀਕਰ ਨੂੰ ਕਿਹਾ ਕਿ ਇਹ ਸਭ ਅਸਲ ਵਿੱਚ ਹੈਂਡਲਾਈਨਜ਼ ਬਣਾਉਣ ਨੂੰ ਕੀਤਾ ਜਾਂਦਾ ਹੈ, ਪਰ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਕੰਵਰ ਸੰਧੂਨੇ ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਤੱਕ ਉੱਤੇ ਵੀ ਟਿੱਪਣੀ ਕੀਤੀ। ਇਸ ਦੇ ਬਾਅਦ ਸਪੀਕਰ ਨੂੰ ਸੰਬੋਧਨ ਕਰਦੇਹੋਏ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇਹ ਤੁਹਾਡੀ ਹੀ ਦਇਆ ਹੈ, ਜੇ ਦਲ-ਬਦਲ ਵਿਰੋਧੀ ਨਿਯਮ ਦੀ ਕਾਰਵਾਈ ਕੀਤੀ ਗਈ ਹੁੰਦੀ ਤਾਂ ਅਜਿਹੇ ਵਿਧਾਇਕ, ਜੋ ਏਧਰ-ਉਧਰ ਜਾਂਦੇ ਰਹੇ ਹਨ, ਅੱਜ ਤਕ ਬਾਹਰ ਕੀਤੇ ਹੁੰਦੇ। ਇਸ ਦੇ ਨਾਲ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਵੀ ਕਿਹਾ ਕਿ ਉਨ੍ਹਾਂ ਖੁਦ ਪਾਰਟੀ ਦਾ ਅਨੁਸ਼ਾਸਨ ਭੰਗ ਕਰਨ ਵਾਲੇ ਵਿਧਾਇਕਾਂ ਦੇ ਖਿਲਾਫ਼ ਕਾਰਵਾਈ ਕਰਨ ਦੇ ਲਈ ਚਿੱਠੀ ਲਿਖੀ ਸੀ, ਇਸ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ। ਚੀਮਾ ਨੇ ਕਿਹਾ ਕਿ ਇਸ ਤਰ੍ਹਾਂ ਸੰਵਿਧਾਨ ਦੀ ਉਲੰਘਣਾ ਕੀਤੀ ਜਾਂਦੀ ਹੈ। ਇਸ ਉੱਤੇ ਸਪੀਕਰ ਰਾਣਾ ਕੰਵਰ ਪਾਲ ਸਿੰਘ ਨੇ ਕਿਹਾ ਕਿ 'ਇਸ ਕੇਸ ਵਿਚ ਜੋ ਕੁਝ ਹੋ ਰਿਹਾ ਹੈ, ਉਹ ਕਨੂੰਨ ਦੀ ਹੱਦ ਵਿਚ ਹੀ ਹੋ ਰਿਹਾ ਹੈ। ਵਿਧਾਨਸਭਾ ਨਿਯਮ-ਕਾਨੂੰਨਾਂ ਹੇਠ ਕਿਤੇ ਵੀ ਸਪੀਕਰ ਨੂੰ ਏਦਾਂ ਦਾ ਫੈਸਲਾ ਕਰਨ ਲਈ ਸਮਾਂ ਸੀਮਾ ਵਿਚ ਨਹੀਂ ਬੰਨ੍ਹਿਆ ਗਿਆ ਅਤੇ ਸਪੀਕਰ ਦੀ ਅਕਲ ਉੱਤੇ ਛੱਡਿਆ ਗਿਆ ਹੈ। ਇਸ ਲਈ ਜਦੋਂ ਮੈਨੂੰ ਠੀਕ ਲੱਗੇਗਾ, ਉਦੋਂ ਕਾਰਵਾਈ ਕੀਤੀ ਜਾਵੇਗੀ। ਜੇ ਇਸ ਤੋਂ ਕਿਸੇ ਮੈਂਬਰ ਨੂੰ ਠੀਕ ਨਹੀਂ ਲੱਗਦਾ ਤਾਂ ਉਹ ਅਦਾਲਤ ਜਾ ਸਕਦਾ ਹੈ।
ਓਧਰ ਅਕਾਲੀ ਦਲ ਤੋਂ ਵੱਖ ਹੋਏ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਲਹਿਰਾ ਦੀ ਨਗਰ ਕੌਂਸਲ ਚੋਣ ਵਿਚ ਧਾਂਦਲੀ ਦਾ ਦੋਸ਼ ਲਾ ਕੇ ਕਿਹਾ ਕਿ ਵਾਰਡ ਨੰਬਰ 2 ਅਤੇ 8 ਵਿਚ ਐੱਸ ਸੀ ਭਾਈਚਾਰੇ ਵਾਲੇ ਦੋ ਆਜ਼ਾਦ ਉਮੀਦਵਾਰਾਂ ਨੂੰ ਜੇਤੂ ਐਲਾਨਿਆ ਗਿਆ ਸੀ ਤੇ ਜਦੋਂ ਤੱਕ ਉਹ ਜਿੱਤ ਦਾ ਜਸ਼ਨ ਮਨਾਉਂਦੇ, ਓਦੋਂ ਤੱਕ ਐੱਸ ਡੀ ਐੱਮ ਵਲੋਂ ਹੋਰ ਲੋਕਾਂ ਨੂੰ ਜਿੱਤ ਦੇ ਸਰਟੀਫਿਕੇਟ ਜਾਰੀ ਕਰ ਦਿੱਤੇ। ਢੀਂਡਸਾ ਨੇ ਕਿਹਾ ਕਿ ਇਸ ਬਾਰੇ ਕੀਤੀ ਸ਼ਿਕਾਇਤ ਉੱਤੇ ਚੋਣ ਕਮਿਸ਼ਨ ਨੇ ਐੱਸ ਡੀ ਐੱਮ ਖਿਲਾਫ ਕਾਰਵਾਈ ਕਰਨ ਨੂੰ ਕਿਹਾ ਸੀ, ਪਰ ਸਰਕਾਰ ਨੇ ਉਸ ਦੀ ਸਿਰਫ਼ ਟਰਾਂਸਫਰ ਕੀਤੀ ਹੈ।
ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਜਿਸ ਗਵਰਨਰ ਨੇ ਆਪਣੇ ਭਾਸ਼ਣ ਵਿਚ ਕਿਸਾਨਾਂ ਤੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਹੋਵੇ, ਉਹ ਕਿਵੇਂ ਬਰਦਾਸ਼ਤ ਕੀਤਾ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਸੀ ਕਿ ਭਾਜਪਾ ਦੇ 2 ਵਿਧਾਇਕਾਂ ਨੂੰ ਛੱਡ ਕੇ 115 ਵਿਧਾਇਕਾਂ ਦਾ ਕਿਤੇ ਵੀ ਸਹਿਯੋਗ ਲੈ ਲੈਣ, ਜਿਸ ਨਾਲ ਕਿਸਾਨਾਂ ਦੇ ਸੰਘਰਸ਼ ਨੂੰ ਬਲ ਮਿਲ ਸਕੇ।
ਆਮ ਆਦਮੀ ਪਾਰਟੀ ਦੇ ਵਿਧਾਇਕ ਮੀਤ ਹੇਅਰ ਨੇ ਕਿਹਾ ਕਿ ਉਨ੍ਹਾਂ ਦੇ ਹਲਕੇ ਨਾਲ ਸਬੰਧਤ ਇੱਕ ਪੀ ਆਰ ਟੀ ਸੀ ਡਰਾਈਵਰ ਮਲਕੀਤ ਸਿੰਘ ਨੂੰ ਕੋਰੋਨਾ ਦੇ ਲਾਕਡਾਊਨ ਵੇਲੇ ਮਹਾਰਾਸ਼ਟਰ ਵੱਲ ਫਸੇ ਪੰਜਾਬੀਆਂ ਨੂੰ ਲਿਆਉਣ ਲਈ ਭੇਜਿਆ ਗਿਆ ਸੀ, ਉਸਦੀ ਉਥੇ ਮੌਤ ਹੋ ਗਈ ਸੀ। ਵਿਧਾਇਕ ਨੇ ਕਿਹਾ ਕਿ ਓਦੋਂ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਸ ਦੇ ਪਰਿਵਾਰ ਨੂੰ 50 ਲੱਖ ਰੁਪਏ ਦੀ ਮਦਦਦਿੱਤੀ ਜਾਵੇਗੀ, ਪਰ ਹਾਲੇ ਤੱਕ ਨਹੀਂ ਦਿੱਤੀ ਗਈ।
ਬਿਕਰਮ ਸਿੰਘ ਮਜੀਠੀਆ ਨੇ ਪਿਤਾ-ਪੁੱਤਰ ਕਿਸਾਨਾਂ ਵਲੋਂ ਕੀਤੀਆਂ ਖੁਦਕੁਸ਼ੀਆਂ ਦੇ ਕੇਸ ਵਿਚ ਕਿਹਾ ਕਿ ਇਸ ਕੇਸ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਕੋਆਪਰੇਟਿਵ ਮੰਤਰੀ ਅਤੇ ਹੋਰ ਅਧਿਕਾਰੀਆਂ ਦੇ ਖਿਲਾਫ ਕਤਲ ਦਾ ਕੇਸ ਦਰਜ ਕੀਤਾ ਜਾਵੇ, ਕਿਉਂਕਿ ਮ੍ਰਿਤਕਾਂ ਨੇ ਖੁਦਕੁਸ਼ੀ ਨੋਟ ਵਿਚ ਇਸ ਦਾ ਜ਼ਿਕਰ ਕੀਤਾ ਹੈ।

# ਦਿੱਲੀ ਨਗਰ ਨਿਗਮ ਉੱਪ-ਚੋਣਾਂ: ਪੰਜਾਂ ਵਿੱਚੋਂ 4 ਸੀਟਾਂ ਆਮ ਆਦਮੀ ਪਾਰਟੀ ਜਿੱਤੀ, ਇੱਕ ਕਾਂਗਰਸ

### * ਭਾਜਪਾ ਦਿੱਲੀ ਵਿੱਚ ਪੰਜਾਂ ਵਿੱਚੋਂ ਇੱਕ ਵੀ ਸੀਟ ਨਹੀਂ ਜਿੱਤ ਸਕੀ

ਨਵੀਂ ਦਿੱਲੀ, 3 ਮਾਰਚ, (ਪੋਸਟ ਬਿਊਰੋ)- ਦਿੱਲੀ ਨਗਰ ਨਿਗਮ ਦੀਆਂ ਉੱਪ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਅੱਜ 5 ਵਿੱਚੋਂ 4 ਸੀਟਾਂ ਜਿੱਤ ਲਈਆਂ,ਉੱਤਰ-ਪੂਰਬੀਦਿੱਲੀ ਦੇ ਮੁਸਲਿਮ ਬਹੁ-ਗਿਣਤੀ ਵਾਲੇ ਵਾਰਡ ਚੌਹਾਨ ਬਾਂਗਰ ਦੀ ਸੀਟ ਕਾਂਗਰਸ ਨੇਜਿੱਤੀ ਹੈ। ਇਸ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਜਸ਼ਨ ਮਨਾਇਆ ਹੈ। ਇਨ੍ਹਾਂ ਉੱਪ ਚੋਣਾਂ ਦੌਰਾਨ ਪੰਜ ਸੀਟਾਂ ਵਿੱਚੋਂ ਭਾਜਪਾ ਇੱਕ ਵੀ ਨਹੀਂ ਜਿੱਤ ਸਕੀ। ਆਮ ਆਦਮੀ ਪਾਰਟੀ ਨੇ ਕਲਿਆਣਪੁਰੀ, ਤ੍ਰਿਲੋਕਪੁਰੀ, ਸ਼ਾਲੀਮਾਰ ਬਾਗ, ਰੋਹਿਣੀ ਵਾਰਡ ਵਿੱਚਜਿੱਤ ਦਰਜ ਕੀਤੀ ਹੈ।




ਇਸ ਨਤੀਜੇ ਤੋਂ ਬਾਅਦ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੋਟਰਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਦਿੱਲੀ ਦੀ ਜਨਤਾ ਨੇ ਇਕ ਵਾਰ ਫਿਰ 'ਕੰਮ ਦੇ ਨਾਮ' ਉੱਤੇ ਵੋਟਾਂ ਪਾਈਆਂ ਹਨ। ਉਨ੍ਹਾਂ ਕਿਹਾ ਕਿ 'ਜਨਤਾ ਕੰਮ ਚਾਹੁੰਦੀ ਹੈ। ਦਿੱਲੀ ਨਗਰ ਨਿਗਮ ਵਿੱਚ 15 ਸਾਲ ਦੇ ਭਾਜਪਾ ਦੇ ਸ਼ਾਸਨ ਤੋਂ ਜਨਤਾ ਪਰੇਸ਼ਾਨ ਹੈ। ਲੋਕ ਇਸ ਦਾ ਕੰਟਰੋਲ ਵੀ ਆਮ ਆਦਮੀ ਪਾਰਟੀ ਦੇ ਹੱਥ ਦੇਣ ਲਈ ਬੇਤਾਬ ਹਨ। ਜਨਤਾ ਚਾਹੁੰਦੀ ਹੈ ਜਿਸ ਤਰ੍ਹਾਂ ਦਿੱਲੀ ਸਰਕਾਰ ਵਿੱਚ ਕੰਮ ਹੁੰਦਾ ਹੈ, ਉਸੇ ਤਰ੍ਹਾਂ ਨਗਰ ਨਿਗਮ ਵਿੱਚ ਵੀ ਹੋਵੇ।' ਕੇਜਰੀਵਾਲ ਨੇ ਕਿਹਾ ਕਿ 'ਭਾਜਪਾ ਇਕ ਵੀ ਸੀਟ ਨਹੀਂ ਜਿੱਤ ਸਕੀ, ਇਸ ਤੋਂ ਪਤਾ ਲੱਗਦਾ ਹੈ ਕਿ ਲੋਕ ਆਮ ਆਦਮੀ ਪਾਰਟੀ ਸਰਕਾਰ ਦੇ ਕੰਮ ਤੋਂ ਬਹੁਤ ਖੁਸ਼ ਹਨ। ਜਦੋਂ 6 ਸਾਲ ਬਾਅਦ ਨਗਰ ਨਿਗਮ ਦੀਆਂ ਉੱਪ ਚੋਣਾਂ ਹੋਈਆਂ ਤਾਂ ਦਿੱਲੀ ਦੀ ਜਨਤਾ ਨੇ ਦੱਸ ਦਿੱਤਾ ਹੈ ਕਿ ਜਿਵੇਂ ਕੰਮ ਕਰਦੇ, ਕਰੀ ਜਾਓ।'
ਵਰਨਣ ਯੋਗ ਹੈ ਕਿ ਦਿੱਲੀ ਨਗਰ ਨਿਗਮ ਦੀਆਂ 5 ਸੀਟਾਂ ਉੱਤੇਉੱਪ ਚੋਣਾਂ ਵਿਚ ਆਮ ਆਦਮੀ ਪਾਰਟੀ ਚਾਰ ਸੀਟਾਂ ਤ੍ਰਿਲੋਕਪੁਰੀ, ਰੋਹਿਣੀ, ਕਲਿਆਣਪੁਰੀ ਅਤੇ ਸ਼ਾਲੀਮਾਰ ਤੋਂਜਿੱਤੀ ਹੈ। ਚੌਹਾਨ ਬਾਂਗੜ ਸੀਟ ਕਾਂਗਰਸ ਨੇ ਜਿੱਤੀ ਹੈ। ਭਾਜਪਾ ਇਕ ਵੀ ਸੀਟ ਨਹੀਂ ਜਿੱਤ ਸਕੀ।

# ਮੋਦੀ ਦੀ ਵੈਕਸੀਨ ਲਵਾਉਣ ਵਾਲੀ ਫੋਟੋ 72 ਘੰਟੇ ਵਿੱਚ ਹਟਾਉਣ ਦਾ ਹੁਕਮ ਜਾਰੀ

### * ਤ੍ਰਿਣਮੂਲ ਦੀ ਸ਼ਿਕਾਇਤ ਉੱਤੇ ਚੋਣ ਕਮਿਸ਼ਨ ਦੀ ਸਖਤ ਕਾਰਵਾਈ

ਕੋਲਕਾਤਾ, 3 ਮਾਰਚ, (ਪੋਸਟ ਬਿਊਰੋ)- ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਦੀ ਸ਼ਿਕਾਇਤ ਤੋਂ ਬਾਅਦ ਚੋਣ ਕਮਿਸ਼ਨ ਨੇ ਅਗਲੇ 72 ਘੰਟਿਆਂਵਿੱਚ ਚੋਣ ਪ੍ਰਚਾਰ ਵਾਲੇ ਸਾਮਾਨ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵੈਕਸੀਨ ਲਵਾਉਣ ਵਾਲੀ ਫੋਟੋ ਅਤੇ ਵੀਡੀਓ ਹਟਾਉਣ ਦਾ ਹੁਕਮ ਦਿੱਤਾ ਹੈ। ਤ੍ਰਿਣਮੂਲ ਕਾਂਗਰਸ ਨੇ ਚੋਣ ਕਮਿਸ਼ਨ ਨੂੰ ਆਪਣੀ ਸ਼ਿਕਾਇਤ ਵਿੱਚ ਇਸ ਫੋਟੋ ਨੂੰ ਭਾਜਪਾ ਦਾ ਸੈਲਫ ਪ੍ਰਮੋਸ਼ਨ ਕਰਾਰ ਦਿੱਤਾ ਸੀ।
ਵਰਨਣ ਯੋਗ ਹੈ ਕਿ ਪੱਛਮੀ ਬੰਗਾਲ ਵਿੱਚ ਕਈ ਪੈਟਰੋਲ ਪੰਪਾਂ ਅਤੇ ਹੋਰਨਾਂ ਜਨਤਕ ਥਾਵਾਂ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵੈਕਸੀਨ ਲਵਾਉਣ ਵਾਲੀਫੋਟੋ ਵਾਲੇ ਹੋਰਡਿੰਗਜ਼ ਲਾਏ ਗਏ ਸਨ। ਇਨ੍ਹਾਂ ਹੋਰਡਿੰਗਜ਼ ਦੇ ਖਿਲਾਫ ਤ੍ਰਿਣਮੂਲ ਕਾਂਗਰਸ ਨੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ, ਜਿਸ ਤੋਂ ਬਾਅਦ ਚੋਣ ਕਮਿਸ਼ਨ ਨੇ ਅਜਿਹੇ ਪੋਸਟਰਜ਼ ਨੂੰ ਅਗਲੇ 72 ਘੰਟਿਆਂ ਵਿਚ ਹਟਾਉਣ ਦਾ ਸਖਤ ਹੁਕਮ ਜਾਰੀ ਕਰ ਦਿੱਤਾ ਹੈ।
ਇਸ ਦੌਰਾਨ ਪੱਛਮੀ ਬੰਗਾਲ ਵਿਚ ਵਿਧਾਨਸਭਾ ਚੋਣਾਂ ਬਾਰੇ ਸਾਰੀਆਂ ਪਾਰਟੀਆਂ ਜਦੋਂ ਇਕ ਦੂਸਰੇ ਉੱਤੇ ਹਮਲਾ ਬੋਲ ਰਹੀਆਂ ਹਨ ਤਾਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਖਿਲਾਫ ਬੜੀ ਅਜੀਬ ਬਿਆਨਬਾਜੀ ਕੀਤੀ ਹੈ। ਇਕ ਰੈਲੀ ਵਿਚ ਉਨ੍ਹਾਂ ਕਿਹਾ ਕਿ ਚੋਣ ਨਤੀਜਾ ਆਉਣ ਵਾਲੇ ਦਿਨ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਅਜਿਹਾ ਕਰੰਟ ਲੱਗੇਗਾ ਕਿ ਉਹ ਆਪਣੀ ਕੁਰਸੀ ਤੋਂ ਦੋ ਫੁੱਟ ਉੱਤੇ ਉੱਠ ਜਾਵੇਗੀ। ਪੱਛਮੀ ਬੰਗਾਲ ਦੇ ਜੋਏਪੁਰ ਵਿਚ ਰੈਲੀ ਵਿਚ ਬੋਲਦਿਆਂ ਨਿਤਿਨ ਗਡਕਰੀ ਨੇ ਕਿਹਾ, 'ਵੋਟਿੰਗ ਦੇ ਦਿਨ ਸਵੇਰੇ ਉੱਠੋ। ਆਪਣੇ ਭਗਵਾਨ ਨੂੰ ਯਾਦ ਕਰੋ। ਪੋਲਿੰਗ ਬੂਥ ਉੱਤੇ ਜਾਓ ਅਤੇ ਕਮਲ ਦਾ ਬਟਨ ਦਬਾਓ। ਅਜਿਹਾ ਕਰੰਟ ਲੱਗੇਗਾ ਕਿ




ਮਮਤਾ ਬੈਨਰਜੀ ਆਪਣੀ ਕੁਰਸੀ ਤੋਂ ਦੋ ਫੁੱਟ ਉੱਪਰ ਉੱਠ ਜਾਵੇਗੀ। ਬੱਸ ਇਹ ਕਰੰਟ ਲਾ ਦਿਉ ਫਿਰ ਦੇਖੋ ਸੂਬੇ ਵਿੱਚ ਵਿਕਾਸ ਦਾ ਬਲਬ ਕਿਵੇਂ ਜਗਦਾ ਹੈ।' ਇਸ ਰੈਲੀ ਦੌਰਾਨ ਗਡਕਰੀ ਨੇ ਕਿਹਾ, 'ਦੋ ਮਈ ਨੂੰ ਪਰਿਵਰਤਨ ਹੋਵੇਗਾ। ਭਾਰਤੀ ਜਨਤਾ ਪਾਰਟੀ ਨੂੰ ਬਹੁਮਤ ਮਿਲੇਗਾ। 4 ਮਈ ਨੂੰ ਭਾਜਪਾ ਦੇ ਮੁੱਖ ਮੰਤਰੀ ਸਹੁੰ ਚੁੱਕਣਗੇ।'

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਬਰੈਂਪਟਨ ਸਮੇਤ ਪੀਲ ਖੇਤਰ 'ਚ 80+ ਸਾਲ ਦੇ ਬਜ਼ੁਰਗ ਕੋਵਿਡ-19 ਵੈਕਸੀਨ ਲਗਵਾਉਣ ਲਈ ਕਰਨ ਲਈ ਰਜਿਸਟਰ ਜ਼ਰੂਰ ਕਰਨ : ਸੋਨੀਆ ਸਿੱਧੂ



ਬਰੈਂਪਟਨ - ਬਰੈਂਪਟਨ ਸਾਊਥ ਸਮੇਤ ਸਮੂਹ ਪੀਲ ਖੇਤਰ 'ਚ ਹੁਣ 80+ ਬਜ਼ੁਰਗ ਪੀਲ ਵਿਚ ਵੈਕਸੀਨ ਲਗਵਾ ਸਕਦੇ ਹਨ। ਵੈਕਸੀਨ ਦੀ ਨਵੀਂ ਸਪਲਾਈ ਆਉਣ ਦੇ ਨਾਲ ਪੀਲ ਖੇਤਰ 'ਚ 80 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੇ ਟੀਕਾਕਰਨ ਲਈ ਰਜਿਸਟ੍ਰੇਸ਼ਨ ਲਈ ਸ਼ੁਰੂਆਤ ਹੋ ਚੁੱਕੀ ਹੈ। ਅਜਿਹਾ ਕਰਨ ਲਈ ਉਹ ਆਪਣੇ ਨੇੜਲੇ ਕਲੀਨਿਕ 'ਤੇ ਬੁੱਕ ਕਰਨ ਲਈ ਦਿੱਤੀਆਂ ਵੈਬਸਾਈਟਾਂ 'ਤੇ ਜਾ ਸਕਦੇ ਹਨ। ਇਹ ਵੈਬਸਾਈਟਾਂ ਕਮਿਊਨਟੀ ਵਿੱਚ ਟੀਕਾਕਰਣ ਨੂੰ ਤੇਜ਼ ਕਰਨ ਲਈ ਉਪਲਬਧ ਕਰਵਾਈਆਂ ਜਾ ਰਹੀਆਂ ਹਨ ਅਤੇ ਸੈਂਟਰਲ ਬੁਕਿੰਗ ਪ੍ਰਣਾਲੀ ਦੇ ਸ਼ੁਰੂ ਹੋਣ ਤਕ ਚੱਲਦੀਆਂ ਰਹਿਣਗੀਆਂ।

ਬਰੈਂਪਟਨ 'ਚ ਵਿਲੀਅਮ ਓਸਲਰ ਹੈਲਥ ਸਿਸਟਮ ਵੈਕਸੀਨ ਕਲੀਨਿਕ 'ਚ 1 ਮਾਰਚ, 2021 ਤੋਂ ਆਨਲਾਈਨ ਪੋਰਟਲ ਰਾਹੀਂ ਬੁਕਿੰਗ ਹੋ ਸਕੇਗੀ। ਇਸ ਤੋਂ ਇਲਾਵਾ ਯੋਗ ਸੀਨੀਅਰਾਂ ਵੱਲੋਂ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 905-494-2120 (56685) 'ਤੇ ਫੋਨ ਕਰਕੇ ਵੀ ਬੁਕਿੰਗ ਕੀਤੀ ਜਾ ਸਕਦੀ ਹੈ। ਲੌਂਗ ਟਰਮ ਕੇਅਰ ਹੋਮ, ਮੋਬਾਈਲ ਟੈਸਟਿੰਗ ਟੀਮਾਂ, ਪੈਰਾਮੈਡਿਕਸ, ਫਾਇਰਫਾਈਟਰਜ਼ ਅਤੇ ਪੁਲਿਸ ਸਮੇਤ ਹੋਰ ਫਰੰਟਲਾਈਨ ਕਰਮਚਾਰੀਆਂ ਨੂੰ ਵੀ ਵੈਕਸੀਨੇਸ਼ਨ 'ਚ ਪਹਿਲ ਦਿੱਤੀ ਜਾਵੇਗੀ।

ਵੈਕਸੀਨ ਨੂੰ ਲੈਕੇ ਜਾਣਕਾਰੀ ਦਿੰਦਿਆਂ ਸੋਨੀਆ ਸਿੱਧੂ ਨੇ ਦੱਸਿਆ ਕਿ ਇਸ ਹਫ਼ਤੇ ਕੋਵਿਡ-19 ਵੈਕਸੀਨ ਦੀਆਂ 944,600 ਕੈਨੇਡਾ ਪਹੁੰਚਣਗੀਆਂ, ਜਿਸ 'ਚੋਂ 444,600 ਖੁਰਾਕਾਂ ਫਾਈਜ਼ਰ ਕੰਪਨੀ ਦੀਆਂ ਅਤੇ 500,000 ਖੁਰਾਕਾਂ ਐਸਟਰਾਜ਼ੈਨੇਕਾ ਦੀਆਂ ਹਨ। ਉਹਨਾਂ ਨੇ ਕਿਹਾ ਕਿ ਫੈਡਰਲ ਸਰਕਾਰ ਵੱਲੋਂ ਲਗਾਤਾਰ ਵੈਕਸੀਨੇਸ਼ਨ ਦੇ ਲਈ ਮਿੱਥੇ ਟੀਚੇ ਨੂੰ ਪੂਰਾ ਕਰਨ ਦੇ ਅਣਥੱਕ ਯਤਨ ਕੀਤੇ ਜਾ ਰਹੇ ਹਨ ਅਤੇ ਜਦੋਂ ਤੱਕ ਵੈਕਸੀਨ ਦੀ ਹਰ ਇੱਕ ਕੈਨੇਡੀਅਨ ਤੱਕ ਪਹੁੰਚ ਨਹੀਂ ਹੋ ਜਾਂਦੀ, ਇਹ ਯਤਨ ਇਸ ਤਰ੍ਹਾਂ ਹੀ ਜਾਰੀ ਰਹਿਣਗੇ।

ਇਸ ਦੇ ਨਾਲ ਹੀ ਉਹਨਾਂ ਨੇ ਅਪੀਲ ਕੀਤੀ ਕਿ ਜਦੋਂ ਤੱਕ ਅਸੀਂ ਇਸ ਮਹਾਂਮਾਰੀ ਨੂੰ ਨਜਿੱਠ ਨਹੀਂ ਲੈਂਦੇ, ਉਦੋਂ ਤੱਕ ਸਿਹਤ ਮਾਹਰਾਂ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਜਾਰੀ ਰੱਖਣਾ ਬਹੁਤ ਜ਼ਰੂਰੀ ਹੈ।

ਡਾਇਬਟੀਜ਼ ਰਿਸਰਚ ਦੇ ਲਈ 40 ਮਿਲੀਅਨ ਡਾਲਰ ਦੇ ਇਤਿਹਾਸਕ ਨਿਵੇਸ਼ ਨਾਲ ਸ਼ੂਗਰ ਦੇ ਇਲਾਜ ਅਤੇ ਰੋਕਥਾਮ ਨੂੰ ਮਿਲੇਗਾ ਹੁਲਾਰਾ

ਪਿਛਲੇ ਹਫ਼ਤੇ, ਟੋਰਾਂਟੋ ਯੂਨੀਵਰਸਿਟੀ ਅਤੇ ਨੋਵੋ ਨੋਰਡਿਸਕ ਵੱਲੋਂ ਇਸ ਹਫ਼ਤੇ 40 ਮਿਲੀਅਨ ਡਾਲਰ ਦੇ ਨਿਵੇਸ਼ ਦਾ ਐਲਾਨ ਕੀਤਾ ਗਿਆ, ਜਿਸ ਨਾਲ ਸ਼ੂਗਰ ਦੇ ਇਲਾਜ ਅਤੇ ਰੋਕਥਾਮ ਨੂੰ ਹੁਲਾਰਾ ਅਤੇ ਸਮਰਥਨ ਮਿਲੇਗਾ। ਇਸ ਮੌਕੇ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਵੀ ਸ਼ਮੂਲੀਅਤ ਕੀਤੀ। ਉਹਨਾਂ ਨੇ ਕਿਹਾ ਕਿ ਸ਼ੂਗਰ ਰਿਸਰਚ ਅਤੇ ਸਿੱਖਿਆ ਦੋਵੇਂ ਹੀ ਮਹੱਤਵਪੂਰਨ ਤਰਜੀਹਾਂ ਹਨ। ਇਸ ਭਾਈਵਾਲੀ ਨਾਲ ਸ਼ੂਗਰ ਦੀ ਰੋਕਥਾਮ ਸਬੰਧੀ ਸਮੱਸਿਆਵਾਂ ਦਾ ਹੱਲ ਲੱਭਿਆ ਜਾਵੇਗਾ।

ਸੋਨੀਆ ਸਿੱਧੂ ਨੇ ਇੱਕ ਵਾਰ ਮੁੜ ਤੋਂ ਦੁਹਰਾਇਆ ਕਿ 100 ਸਾਲ ਪਹਿਲਾਂ, ਇਨਸੁਲਿਨ ਦੀ ਖੋਜ ਕੈਨੇਡਾ ਵਿੱਚ ਹੋਈ ਸੀ ਤਾਂ ਫਿਰ ਹੁਣ ਇਸਦਾ ਇਲਾਜ ਲੱਭਣ 'ਚ ਕੈਨੇਡਾ ਮੋਹਰੀ ਕਿਉਂ ਨਹੀਂ ਹੋ ਸਕਦਾ। ਉਹਨਾਂ ਨੇ ਕਿਹਾ ਕਿ ਅਜਿਹੇ ਨਿਵੇਸ਼ਾਂ ਨਾਲ ਕੈਨੇਡਾ ਨੂੰ ਡਾਇਬਟੀਜ਼ ਦੇ ਇਲਾਜ ਦੀ ਖੋਜ ਅਤੇ ਰੋਕਥਾਮ ਨੂੰ ਹੁਲਾਰਾ ਮਿਲੇਗਾ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਕੋਲੰਬੋ ਪੋਰਟ ਦੇ ਟਰਮੀਨਲ ਵਿਕਾਸ ਦਾ ਠੇਕਾ ਭਾਰਤ ਨੂੰ ਮਿਲਿਆ

ਕੋਲੰਬੋ, 3 ਮਾਰਚ (ਪੋਸਟ ਬਿਊਰੋ)- ਭਾਰਤ ਦੀ ਕੋਰੋਨਾ ਵੈਕਸੀਨ ਕੂਟਨੀਤੀ ਦਾ ਅਸਰ ਪੈਣ ਲੱਗਾ ਹੈ। ਚੀਨ ਦੇ ਕਰਜ਼ੇ ਵਿੱਚ ਫਸੇ ਸ੍ਰੀਲੰਕਾ ਨੇ ਦੋਸਤੀ ਦਾ ਕਦਮ ਵਧਾਉਂਦੇ ਹੋਏ ਆਪਣੇ ਰਣਨੀਤਕ ਰੂਪ ਤੋਂ ਮਹੱਤਵਪੂਰਨ ਕੋਲੰਬੋ ਪੋਰਟ ਦੇ ਵੈਸਟਰਨ ਕੰਟੇਨਰ ਟਰਮੀਨਲ ਦੇ ਵਿਕਾਸ ਦਾ ਠੇਕਾ ਭਾਰਤ ਨੂੰ ਦੇ ਦਿੱਤਾ ਹੈ।

ਕੋਲੰਬੋ ਦੇ ਟਰਮੀਨਲ ਦਾ ਵਿਕਾਸ ਭਾਰਤ ਅਤੇ ਜਾਪਾਨ ਦੇ ਨਾਲ ਬਣੀ ਇੱਕ ਸਾਂਝੀ ਵਪਾਰਕ ਕੰਪਨੀ ਵੱਲੋਂ ਕੀਤਾ ਜਾਏਗਾ। ਸ੍ਰੀਲੰਕਾ ਇਹ ਪ੍ਰੋਜੈਕਟ 35 ਸਾਲ ਦੇ ਪਟੇ ਉੱਤੇ ਦੇਵੇਗਾ। ਵਰਨਣ ਯੋਗ ਹੈ ਕਿ ਸ੍ਰੀਲੰਕਾ ਸਰਕਾਰ ਨੇ ਇਸ ਤੋਂ ਕੁਝ ਹਫਤੇ ਪਹਿਲਾਂ ਇਸੇ ਬੰਦਰਗਾਹ ਉੱਤੇ ਇੱਕ ਟਰਮੀਨਲ ਦੇ ਵਿਕਾਸ ਦਾ ਚੀਨ ਦਾ ਠੇਕਾ ਰੱਦ ਕਰ ਦਿੱਤਾ ਸੀ। ਇੱਕ ਬਿਆਨ ਵਿੱਚ ਦੱਸਿਆ ਗਿਆ ਕਿ ਸ੍ਰੀਲੰਕਾ ਕੈਬਨਿਟ ਨੇ ਕੱਲ੍ਹ ਕੋਲੰਬੋ ਸਾਊਥ ਪੋਰਟ ਦੇ ਵੈਸਟ ਕੰਟੇਨਰ ਟਰਮੀਨਲ ਦੇ ਵਿਕਾਸ ਨੂੰ ਮਨਜ਼ੂਰੀ ਦੇ ਦਿੱਤੀ ਹੈ। ਭਾਰਤ ਅਤੇ ਜਾਪਾਨ ਸਰਕਾਰ ਦੀ ਇੱਕ ਸਾਂਝੀ ਕੰਪਨੀ ਇਸ ਦਾ ਵਿਕਾਸ ਕਰੇਗੀ। ਬਿਆਨ ਵਿੱਚ ਕਿਹਾ ਗਿਆ ਕਿ ਬਣਾਓ, ਅਪਣਾਓ ਅਤੇ ਸੌਂਪ ਦਿਓ (ਬੀ ਓ ਟੀ) ਦੇ ਆਧਾਰ ਉੱਤੇ ਇਸ ਪ੍ਰੋਜੈਕਟ ਲਈ ਗੱਲਬਾਤ ਕਰ ਰਹੀ ਕਮੇਟੀ ਤੋਂ ਮਨਜ਼ੂਰੀ ਮਿਲਣ ਦੇ ਬਾਅਦ ਉਸ ਨੂੰ ਭਾਰਤੀ ਹਾਈ ਕਮਿਸ਼ਨ ਅਤੇ ਜਾਪਾਨੀ ਦੂਤਘਰ ਨੂੰ ਭੇਜਿਆ ਗਿਆ ਸੀ। ਇਸ ਬਾਰੇ ਅਡਾਨੀ ਪੋਰਟਸ ਐਂਡ ਸਪੈਸ਼ਲ ਇਕਨਾਮਿਕ ਜ਼ੋਨ ਲਿਮਟਿਡ ਦੀ ਤਜਵੀਜ਼ ਨੂੰ ਭਾਰਤੀ ਹਾਈ ਕਮਿਸ਼ਨ ਨੇ ਮਨਜ਼ੂਰੀ ਦੇ ਦਿੱਤੀ ਹੈ। ਕੁਝ ਲੋਕਾਂ ਨੇ ਭਾਰਤੀ ਹਾਈ ਕਮਿਸ਼ਨ ਦੁਆਰਾ ਮਨਜ਼ੂਰ ਕੀਤੇ ਜਾਣ ਦੇ ਖੁਲਾਸੇ ਉੱਤੇ ਹੈਰਾਨੀ ਪ੍ਰਗਟਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀਲੰਕਾ ਵਿੱਚ ਨਿਵੇਸ਼ ਦਾ ਫੈਸਲਾ ਇਥੋਂ ਦੀ ਸਰਕਾਰ ਕਰਦੀ ਹੈ, ਨਾ ਕਿ ਭਾਰਤੀ ਹਾਈ ਕਮਿਸ਼ਨ। ਇਸ ਤੋਂ ਪਹਿਲਾਂ ਸ੍ਰੀਲੰਕਾ ਪੋਰਟਸ ਅਥਾਰਟੀ ਨੇ ਪਿਛਲੀ ਸਿਰੀਸੇਨ ਸਰਕਾਰ ਦੇ ਸਮੇਂ ਮਈ 2019 ਵਿੱਚ ਭਾਰਤ ਅਤੇਜਾਪਾਨ ਦੇ ਨਾਲ ਇਸ ਬੰਦਰਗਾਹ ਉੱਤੇ ਪੂਰਬੀ ਕੰਟੇਨਰ ਟਰਮੀਨਲ (ਈ ਸੀ ਟੀ) ਦੇ ਫੈਸਲੇ ਦਾ ਇੱਕ ਕਰਾਰ ਕੀਤਾ ਸੀ।

# ਖਾਲਿਸਤਾਨੀ ਖਾੜਕੂ ਦੀ ਹਵਾਲਗੀ ਲਈ ਭਾਰਤ ਬ੍ਰਿਟੇਨ ਹਾਈ ਕੋਰਟ ਵਿੱਚ ਜਾਏਗਾ

ਲੰਡਨ, 3 ਮਾਰਚ (ਪੋਸਟ ਬਿਊਰੋ)- ਪਾਬੰਦੀਸ਼ੁਦਾ ਸੰਗਠਨ ਖਾਲਿਸਤਾਨ ਜ਼ਿੰਦਾਬਾਦ ਫੋਰਸ (ਕੇ ਜੈਡ ਐਫ) ਦੇ ਮੈਂਬਰ ਕੁਲਦੀਪ ਸਿੰਘ ਦੀ ਭਾਰਤ ਵਿੱਚ ਹਵਾਲਗੀ ਦੀ ਅਰਜ਼ੀ ਨੂੰ ਇੱਕ ਮੈਜਿਸਟਰੇਟ ਕੋਰਟ ਵੱਲੋਂ ਮਾਨਵਤਾ ਦੇ ਆਧਾਰ ਉੱਤੇ ਰੱਦ ਕੀਤੇ ਜਾਣ ਪਿੱਛੋਂ ਭਾਰਤੀ ਅਧਿਕਾਰੀਆਂ ਨੇ ਇਸ ਦੇ ਵਿਰੁੱਧ ਅਪੀਲ ਕਰਨ ਦੀ ਇਜਾਜ਼ਤ ਦੇ ਲਈ ਲੰਡਨ ਸਥਿਤ ਹਾਈ ਕੋਰਟ ਜਾਣ ਦਾ ਫੈਸਲਾ ਕੀਤਾ ਹੈ।

ਕੁਲਦੀਪ ਸਿੰਘ ਉਰਫ ਕੀਪਾ ਸਿੱਧੂ ਉੱਤੇ ਹੋਰਨਾਂ ਲੋਕਾਂ ਨਾਲ ਮਿਲ ਕੇ 2015-16 ਵਿੱਚ ਪੰਜਾਬ ਵਿੱਚ ਖਾੜਕੂ ਸਰਗਰਮੀਆਂ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦਾ ਦੋਸ਼ ਹੈ। ਦੋਸ਼ੀਆਂ ਨੇ ਓਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕਤਲ ਦੀ ਸਾਜ਼ਿਸ ਰਚੀ ਸੀ। ਕੁਲਦੀਪ ਸਿੰਘ (44) ਉੱਤੇ ਗੁਰਦੁਆਰੇ ਵਿੱਚ ਵੱਖਵਾਦੀਆਂ ਦੀ ਬੈਠਕ ਕਰਾਉਣ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਪੈਸੇ ਭੇਜ ਕੇ ਖਾਲਿਸਤਾਨ ਜ਼ਿੰਦਾਬਾਦਾ ਫੋਰਸ (ਕੇ ਜੈਡ ਐਫ) ਵਿੱਚ ਸ਼ਾਮਲ ਕਰਨ ਦਾ ਵੀ ਦੋਸ਼ ਹੈ।ਜ਼ਿਲ੍ਹਾ ਮੈਜਿਸਟਰੇਟ ਗਾਰੇਥ ਬ੍ਰੈਂਸਟਨ ਨੇ ਲੰਡਨ ਵਿੱਚ ਵੈਸਟਮਿੰਸਟਰ ਮੈਜਿਸਟਰੇਟ ਕੋਰਟ ਵਿੱਚ ਹਵਾਲਗੀ ਦੇ ਕੇਸ ਦੀ ਸੁਣਵਾਈ ਕਰਦੇ ਹੋਏ 25 ਜਨਵਰੀ ਨੂੰ ਦਿੱਤੇ ਹੁਕਮ ਵਿੱਚ ਕਿਹਾ ਸੀ ਕਿ ਇਹ ਮਨੁੱਖੀ ਅਧਿਕਾਰਾਂ ਉੱਤੇ ਯੂਰਪੀ ਮਤੇ ਦੀ ਧਾਰਾ ਤਿੰਨ ਦੇ ਖਿਲਾਫ ਹੈ। ਜੇ ਅਦਾਲਤ ਦੇ ਹੁਕਮਾਂ ਵਿਰੁੱਧ ਅਪੀਲ ਕਰਨ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ ਤਾਂ ਕੇਸ ਦੀ ਸੁਣਵਾਈ ਹਾਈ ਕੋਰਟ ਵਿੱਚ ਹੋਵੇਗੀ।

## ਸੇਤੋ ਮਛੇਂਦਰ ਨਾਥ ਮੰਦਰ ਦੀ ਮੁੜ ਉਸਾਰੀ ਲਈ ਨੇਪਾਲ ਨੂੰ ਭਾਰਤ ਦਾ ਸਾਥ ਮਿਲਿਆ

ਕਾਠਮੰਡੂ, 3 ਮਾਰਚ (ਪੋਸਟ ਬਿਊਰੋ)- ਸੇਤੋ ਮਛੇਂਦਰਨਾਥ ਮੰਦਰ ਦੀ ਮੁੜ ਉਸਾਰੀ ਲਈ ਨੇਪਾਲ ਨੂੰ ਭਾਰਤ ਦਾ ਸਾਥ ਮਿਲ ਗਿਆ ਹੈ। ਨੇਪਾਲ ਵਿੱਚ ਭਾਰਤੀ ਰਾਜਦੂਤ ਵੀ ਐਮ ਕਵਾਤਰਾ ਨੇ ਦੱਸਿਆ ਕਿ ਦੋਵਾਂ ਦੇਸ਼ਾਂ ਨੇ ਮਿਲਕੇ ਮੰਦਰ ਦਾ ਭੂਮੀ ਪੂਜਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਰਾਸ਼ਟਰੀ ਮੁੜ ਉਸਾਰੀ ਅਥਾਰਿਟੀ ਦੇ ਸੀ ਈ ਓ ਨੇਪਾਲ ਸਰਕਾਰ ਦੇ ਪ੍ਰਤੀਨਿਧੀ ਅਤੇ ਉਸ ਖੇਤਰ ਦੇ ਮੇਅਰ ਮੌਜੂਦ ਸਨ। ਵਰਨਣ ਯੋਗ ਕਿ ਨੇਪਾਲ ਦੇ ਅੱਠ ਜ਼ਿਲ੍ਹਿਆਂ ਵਿੱਚ ਭੂਚਾਲ ਤੋਂ ਬਾਅਦ ਕਲਚਰਲ ਹੈਰੀਟੇਜ ਸਾਈਟਸ ਦੀ ਮੁੜ ਉਸਾਰੀ ਲਈ ਭਾਰਤ ਨੇ ਨੇਪਾਲ ਨੂੰ 50 ਮਿਲੀਅਨ ਅਮਰੀਕੀ ਡਾਲਰ ਦੀ ਮਦਦ ਕੀਤੀ ਸੀ। ਇਸ ਹੇਠ ਸੇਤੋ ਮਛੇਂਦਰ ਨਾਥ ਮੰਦਰ ਦੀ ਦੇਖ ਰੇਖ ਅਤੇ ਰੇਟਰੋਫਿਟਿੰਗ, ਬੁਦਨੀਲੇਕਾਂਠਾ ਵਿੱਚ ਧਰਮਸ਼ਾਲਾ ਬਣਾਉਣ ਅਤੇ ਲਲਿਤਪੁਰ ਜ਼ਿਲ੍ਹੇ 'ਚ ਕੁਮਾਰੀ ਹੋਮ ਦੇ ਸੁਰੱਖਿਆ ਅਤੇ ਵਿਕਾਸ ਲਈ ਸਮਝੌਤਿਆਂ ਉੱਤੇ ਦਸਤਖਤ ਕੀਤੇ ਗਏ ਸਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਆਪਣੇ ਆਪ ਨੂੰ ਘਰ ਵਿਚ ਅਲੱਗ ਨਹੀਂ ਕਰ ਸਕਦੇ?



ਮਦਦ ਉਪਲਬਧ ਹੈ।

ਸਾਡਾ ਪ੍ਰੋਗਰਾਮ ਹੋਟਲ ਦੇ ਮੁਫਤ ਨਿੱਜੀ ਕਮਰਿਆਂ ਦੀ ਪੇਸ਼ਕਸ਼ ਕਰਦਾ ਹੈ।

ਸਾਈਨ ਅਪ ਕਰਨ ਲਈ ਜਾਂ ਵਧੇਰੇ ਜਾਣਕਾਰੀ ਲਈ 905-281-1269 'ਤੇ ਕਾਲ

peelregion.ca/COVID-19

Region of Peel
working with you



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



## A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ



**ਨੈਨੀ ਦੀ ਲੋੜ**

Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ: 416-556-6884



## BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

Best Canadian Truck & Forklift Training Centre

- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-

Karnail Singh

416.670.3173 | 905.799.7333
27 Edvac Dr, Brampton, ON L6S 5X8



## Visions of Punjab

VISION ZOOMERTV

Airs Across Canada
Every Saturday
1:00 pm to 1:30 pm EST
10:00 am to 10:30 am PST
*Mahal Entertainment Inc.*
Cell:416-587-5520
Email: iqbalmahal46@gmail.com

Natasha Mahal, Co-Host
Iqbal Mahal, Producer & Host

Serving the South Asian Community Since 1976



## PUNJABI RANG RADIO


CAIO 530AM
11pm-12am
Every Saturday

Chamkaur Singh
Producer/ Host
Cell: 416 662 1313
Email: punjabirang13@hotmail.com



# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224





## KAMAL SANDHU
Sales Representative
647.891.0143

RE/MAX GOLD
realtorkamalsandhu@gmail.com
www.arearealtor.com

*Looking For a Nest..? Call the Best*



FOR SALE

CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2455 | 42' |

EXCLUSIVE FOR SALE IN WOODSTOCK



CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2250 | 36' |

FOR SALE

EXCLUSIVE
JAMES C

KAMAL SANDHU RE/MAX GOLD REALTY INC BROKERAGE

# ਆਓ ਜਾਣੀਏ-ਜ਼ਿੰਦਗੀ ਜਿਉਣਾ ਵੀ ਇਕ ਕਲਾ ਹੈ



ਗਗਨਦੀਪ ਧਾਲੀਵਾਲ ਝਲੂਰ

ਜ਼ਿੰਦਗੀ ਚਣੌਤੀਆਂ ਭਰਪੂਰ ਹੈ,ਸੰਘਰਸ਼ ਦਾ ਨਾਮ ਹੀ ਜ਼ੀਂਦਗੀ ਹੈ। ਜ਼ੀਂਦਗੀ ਇੱਕ ਕਲਾ ਹੈ ਇੱਕ ਸੰਗੀਤ ਹੈ। ਜਿਸਨੂੰ ਹਰ ਕੋਈ ਗੁਣਗੁਣਾਉਂਦਾ ਹੈ । ਜ਼ੀਂਦਗੀ ਬਹੁਤ ਕੁੱਝ ਸਿਖਾਉਦੀ ਹੈ।ਜ਼ੀਂਦਗੀ 'ਚ ਅਸੀਂ ਜੋ ਚਾਹੁੰਦੇ ਹਾਂ ਉਹ ਸਾਨੂੰ ਆਸਾਨੀ ਨਾਲ ਨਹੀਂ ਮਿਲਦਾ ਪਰ ਇਕ ਸੱਚ ਇਹ ਵੀ ਹੈ ਕਿ ਅਸੀਂ ਓਹੀ ਚਾਹੁੰਦੇ ਹਾਂ ਜੋ ਆਸਾਨ ਨਹੀਂ ਹੁੰਦਾ। ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ ਹੈ । ਦੁੱਖ ਅਤੇ ਸੁੱਖ ਜ਼ਿੰਦਗੀ ਵਿਚ ਨਾਲ ਨਾਲ ਚਲਦੇ ਹਨ। ਪਰ ਜ਼ਿੰਦਗੀ ਨੂੰ ਵੱਡਾ ਘਟੀਆ ਬਣਾਉਣਾ ਮਨੁੱਖ ਦੇ ਆਪਣੇ ਹੱਥ ਹੁੰਦਾ ਹੈ । ਕਈ ਲੋਕ ਛੋਟੀਆਂ ਛੋਟੀਆਂ ਗੱਲਾਂ ਵਿਚ ਵੀ ਵੱਡੀਆਂ ਖੁਸ਼ੀਆਂ ਲੱਭ ਲੈਂਦੇ ਹਨ ਅਤੇ ਕਈ ਵੱਡੀਆਂ ਖੁਸ਼ੀਆਂ ਨੂੰ ਵੀ ਅਜਾਈਂ ਗਵਾ ਦਿੰਦੇ ਹਨ । ਜੋ ਕੁੱਝ ਵੀ ਕੋਲ ਮੌਜੂਦ ਹੈ ਉਸਨੂੰ ਮਾਨਣ ਦੀ ਥਾਂ , ਜੋ ਕੋਲ ਨਹੀਂ ਦਾ ਰੋਣਾ ਰੋਂਦੇ ਰਹਿੰਦੇ ਹਨ ਮਨੁੱਖ ਦੇ ਜਨਮ ਤੋਂ ਲੈ ਕੇ ਮਾਰਨ ਦੇ ਵਿਚਕਾਰ , ਬਚਪਨ ਤੋਂ ਜਵਾਨੀ , ਜਵਾਨੀ ਤੋਂ ਬੁਢਾਪਾ ਆਦਿ ਤੱਕ ਦਾ ਸਫ਼ਰ ਤੈਅ ਕਰਦਿਆਂ ਜਿਹੜਾ ਸਮਾਂ ਆ ਜਾਂਦਾ ਹੈ , ਓਹੀ ਜ਼ਿੰਦਗੀ ਹੈ । ਕਹਿੰਦੇ ਹਨ ਕਿ ਜ਼ੀਂਦਗੀ ਤਿੰਨ ਤਰ੍ਹਾਂ ਦੀ ਹੁੰਦੀ ਹੈ।ਕਈ ਲੋਕ ਵਿਹਲੇ ਰਹਿ ਕੇ ਹੀ ਜ਼ੀਂਦਗੀ ਜਿਉਂਦੇ ਹਨ ਸਮਾਂ ਬਹੁਤ ਹੁੰਦਾ ਹੈ ਉਹਨਾਂ ਕੋਲ ਪਰ ਉਸਦਾ ਸਦ ਉਪਯੋਗ ਨਹੀਂ ਕਰਦੇ ਨਾ ਹੀ ਉਹਨਾ ਕੋਲ ਜ਼ੀਂਦਗੀ ਚਲਾਉਣ ਦਾ ਕੋਈ ਸਾਧਨ ਹੁੰਦਾ ।ਉਹ ਆਰਥਿਕ ਪੱਖੋਂ ਕਮਜ਼ੋਰ ਹੋ ਜਾਂਦੇ ਹਨ।ਕਿਉਂਕਿ ਜਿਸ ਸਮੇਂ ਉਹਨਾਂ ਨੇ ਮਿਹਨਤ ਕਰਨੀ ਸੀ ਤੇ ਉਹ ਸਮਾਂ ਵਿਹਲੇ ਰਹਿ ਕੇ ਗੁਜ਼ਾਰ ਦਿੰਦੇ ਹਨ ।ਤੇ ਜਦੋਂ ਲੋੜ ਹੁੰਦੀ ਹੈ ਤਾਂ ਉਦੋ ਇਹਨਾ ਕੋਲ ਕੁੱਝ ਨਹੀਂ ਹੁੰਦਾ ਨਾ ਹੀ ਸ਼ਮਾ ਨਾ ਹੀ ਪੈਸਾ।ਕਈ ਵਾਰ ਲੋਕਾਂ ਕੋਲ ਸੁਪਨੇ ਪੂਰੇ ਕਰਨ ਲਈ ਪੈਸਾ ਹੁੰਦਾ ਹੈ ਪਰ ਸਮਾਂ ਨਹੀਂ।ਉਹ ਆਪਣੀ ਮੰਜਿਲ ਵੀ ਪਾ ਲੈਂਦੇ ਹਨ ਤੇ ਫਿਰ ਵੀ ਸੰਤੁਸ਼ਟ ਨਹੀਂ ਹੁੰਦੇ ਉਹ ਆਪਣੇ ਘਰ ਤੇ ਅਪਣਾਪਤ ਦਾ ਪਿਆਰ ਨਹੀਂ ਪ੍ਰਾਪਤ ਕਰਦੇ ਕਿਉਕਿ ਉਹ ਆਪਣੇ ਕੰਮ ਵਿੱਚ ਏਨੇ ਵਿਅਸਤ ਹੁੰਦੇ ਹਨ ਕਿ ਉਹ ਖਿਝੂ ਸੁਭਾਅ ਦੇ ਬਣ ਜਾਦੇ ਹਨ।ਪਰਿਵਾਰ ਵਿੱਚ ਬੈਠਣ ਦਾ ਉਹਨਾ ਕੋਲ ਸਮਾਂ ਨਹੀਂ ਹੁੰਦਾ।ਇਸ ਤੋ ਇਲਾਵਾ ਕਈ ਇਸ ਤਰਾਂ ਦੇ ਲੋਕ ਵੀ ਹੁੰਦੇ ਹਨ ਜਿੰਨਾ ਕੋਲ ਸਾਰਾ ਕੁੱਝ ਹੁੰਦਾ ਹੈ ਸਮਾਂ ਵੀ ,ਪੈਸਾ ਵੀ ਤੇ ਸੰਤੁਸ਼ਟੀ ਵੀ।ਇਹੋ ਜਿਹੇ ਲੋਕ ਯੋਜਨਾਬੰਦ ਹੁੰਦੇ ਹਨ ਜੋ ਆਪਣਾ ਉਦੇਸ਼ ਮਿੱਥ ਕੇ ਚੱਲਦੇ ਹਨ।ਇਹੋ ਜਿਹੇ ਲੋਕ ਥੋੜ੍ਹੇ ਜਿਹੇ 'ਚ ਹੀ ਖੁਸ਼ ਰਹਿੰਦੇ ਹਨ।ਮਿਲੇ ਕੰਮ ਨੂੰ ਲਗਨ ਤੇ ਮਿਹਨਤ ਨਾਲ ਕਰਦੇ ਹਨ ਮੰਜਿਲ ਹਾਸਿਲ ਕਰਦੇ ਹਨ ਦੂਜਿਆਂ ਦਾ ਸਹਾਰਾ ਵੀ ਬਣਦੇ ਹਨ।ਦੂਜਿਆਂ ਲਈ ਇੱਕ ਮਿਸਾਲ ਬਣਦੇ ਹਨ।ਤੁਹਾਡੀ ਮੰਜਿਲ ਤੁਹਾਡਾ ਨਿਸ਼ਾਨਾ ਹੋਣਾ ਚਾਹੀਦਾ ਹੈ ਜਿਵੇ ਕਿ ਅਰਜਨ ਨੂੰ ਚਿੜੀ ਦੀ ਅੱਖ ਹੀ ਦਿਖਾਈ ਦਿੰਦੀ ਸੀ ਤੇ ਉਸਦੀ ਮੰਜਿਲ ਪ੍ਰਾਪਤੀ ਓਹੀ ਸੀ ।ਕਈਆਂ ਦੇ ਦਰਵਾਜੇ ਤੇ ਸਫਲਤਾ ਵਾਰ ਵਾਰ ਦਸਤਕ ਦਿੰਦੀ ਹੈ ਅਤੇ ਕਈਆਂ ਕੋਲੋਂ ਸਫਲਤਾ ਮੂੰਹ ਮੋੜ ਕੇ ਲੰਘ ਜਾਂਦੀ ਹੈ । ਕਈ ਲੋਕ ਨਾਲ ਸਫਲਤਾ ਪਰਛਾਵਾਂ ਬਣ ਕੇ ਚਲਦੀ ਹੈ ਅਤੇ ਕਈਆਂ ਨੂੰ ਸਫਲਤਾ ਖੁਆਬਾਂ ਵਿੱਚ ਵੀ ਨਸੀਬ ਨਹੀਂ ਹੁੰਦੀ । ਅਜਿਹੀ ਸਥਿਤੀ ਵਿੱਚ ਮਨੁੱਖ ਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ । ਡਾਕਟਰ ਰਾਧਾ ਕ੍ਰਿਸ਼ਨਨ ਨੇ ਇੱਕ ਥਾਂ ਲਿਖਿਆ ਹੈ ਕਿ ਜ਼ਿੰਦਗੀ ਤਾਸ਼ ਦੇ ਪੱਤਿਆਂ ਦੀ ਵੰਡ ਵਾਂਙ ਹੈ । ਕਿਸੇ ਨੂੰ ਯੱਕੇ, ਬੇਗੀਆਂ ਅਤੇ ਬਾਦਸ਼ਾਹ ਵਰਗੇ ਭਾਰੀ ਪੱਤੇ ਆ ਜਾਂਦੇ ਹਨ ਅਤੇ ਕਿਸੇ ਨੂੰ ਕੇਵਲ ਦੁੱਕੀਆਂ ਤਿੱਕੀਆਂ ਹੀ ਆਉਂਦੀਆਂ ਹਨ । ਖੇਡਾਂ ਵਾਲੇ ਨੇ ਆਪਣੇ ਪੱਤਿਆਂ ਨਾਲ ਖੇਡਣਾ ਹੁੰਦਾ ਹੈ । ਵਧੀਆ ਖਿਡਾਰੀ ਓਹੀ ਗਿਣਿਆ ਜਾਂਦਾ ਹੈ ਜੋ , ਜਿਹੜੇ ਵੀ ਪੱਤੇ ਉਸਦੇ ਹਿੱਸੇ ਆਏ ਹਨ , ਓਹਨਾ ਨੂੰ ਸਿਆਣਪ ਨਾਲ ਖੇਡੇ । ਕਈ ਵਾਰ ਬਾਦਸ਼ਾਹ ਨੂੰ ਵੀ ਦੁੱਕੀਆਂ ਦੀ ਈਨ ਮੰਨਣੀ ਪੈਂਦੀ ਹੈ ।

ਕਦੇ ਜ਼ੀਂਦਗੀ ਹਸਾ ਦਿੰਦੀ ਏ<br>
ਕਦੇ ਰਵਾ ਦਿੰਦੀ ਏ<br>
ਬੜੇ ਔਖੇ ਪੰਧ ਇਸਦੇ<br>
ਉਹੀ ਜਾਣੇ ਬੀਤੇ ਸੰਗ ਜਿਸਦੇ<br>
ਕਈ ਹੱਦਾਂ ਤਾਈ ਟਪਾ ਦਿੰਦੀ ਏ<br>
ਪਲਾਂ ਵਿੱਚ ਢਹਿ ਜਾਂਦੀ ਏ<br>
ਰੱਬ ਚਾਹਿਆ ਤਾਂ ਰਹਿ ਜਾਂਦੀ ਏ<br>
ਕਈ ਵਾਰ ਸਿਸਕੀਆਂ ਭਰਦੇ ਸਾਹ ਮੁਕਾ ਦਿੰਦੀ ਏ<br>
ਖੁਸ਼ੀਆਂ ਨਾਲ ਝੋਲੀ ਭਰਦੀ<br>
ਕਦੇ ਗ਼ਮਾਂ ਵਿੱਚ ਸੜਦੀ<br>
ਗਗਨ ਉਮਰਾਂ ਇਹ ਲਈ ਝੋਰਾ ਲਾ ਦਿੰਦੀ ਏ।

ਜ਼ਿੰਦਗੀ ਇਕ ਛੋਟਾ ਜਿਹਾ ਸ਼ਬਦ ਆਪਣੇ ਆਪ ਵਿੱਚ ਬਹੁਤ ਡੂੰਘੇ ਅਰਥ ਸਮੋਈ ਬੈਠਾ ਹੈ। ਜ਼ਿੰਦਗੀ ਜਿਉਣਾ ਵੀ ਇਕ ਕਲਾ ਹੈ । ਜ਼ਿੰਦਗੀ ਵਿੱਚ ਦੁੱਖ ਸੁਖ ਨਾਲ ਨਾਲ ਚਲਦੇ ਹਨ । ਦੁੱਖਾਂ ਵਿਚ ਸਾਨੂੰ ਘਬਰਾਉਣਾ ਨਹੀਂ ਚਾਹੀਦਾ । ਸਗੋਂ ਹਿੰਮਤ ਅਤੇ ਦਲੇਰੀ ਨਾਲ ਜ਼ਿੰਦਗੀ ਨੂੰ ਵਧੀਆ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਫੁੱਲਾਂ ਦੀ ਹੋਂਦ ਵੀ ਕੰਡਿਆਂ ਕਰਕੇ ਹੀ ਹੁੰਦੀ ਹੈ ।ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਲੋਕ ਆਪਣੇ ਜੀਵਨ ਨੂੰ ਲੰਮਾ ਕਰਨਾ ਤਾਂ ਚਾਹੁੰਦੇ ਹਨ ,ਪਰ ਸੁਧਾਰਨਾ ਨਹੀਂ । ਇਥੇ ਸਵਾਲ ਇਹ ਨਹੀਂ ਕਿ ਅਸੀਂ ਕਿੰਨਾ ਚਿਰ ਜਿਉਂਦੇ ਹਾਂ। ਸਵਾਲ ਇਹ ਹੈ ਕਿ ਅਸੀਂ ਕਿਵੇਂ ਜਿਉਂਦੇ ਹਾਂ । ਜ਼ਿੰਦਗੀ ਭਾਵੇਂ ਥੋੜੀ ਹੀ ਕਿਉਂ ਨਾ ਹੋਵੇ , ਪਰ ਚੰਗੀ ਹੋਣੀ ਚਾਹੀਦੀ ਹੈ । ਬਾਕੀ ਜ਼ਿੰਦਗੀ ਇੱਕ ਅਮਲੀ ਜਾਮਾ ਹੈ ।ਇਕ ਰੰਗਮੰਚ ਹੈ ।ਹਰ ਇਨਸਾਨ ਇਸ ਦੁਨੀਆ ਰੂਪੀ ਰੰਗਮੰਚ ਉੱਤੇ ਆਪਣਾ ਰੋਲ ਅਦਾ ਕਰਨ ਲਈ ਆਉਂਦਾ ਹੈ ਅਤੇ ਚਲਾ ਜਾਂਦਾ ਹੈ । ਇਸਲਈ ਸਾਨੂੰ ਹਰ ਰੋਲ ਬਾਖ਼ੂਬੀ ਨਿਭਾਉਣਾ ਚਾਹੀਦਾ ਹੈ । ਕਿਸੇ ਨੇ ਸਹੀ ਕਿਹਾ ਹੈ ਕਿ

ਦੋ ਪੈਰ ਘੱਟ ਤੁਰਨਾ ,<br>
ਪਰ ਤੁਰਨਾ ਮੜਕ ਦੇ ਨਾਲ ।<br>
ਦੋ ਦਿਨ ਘੱਟ ਜੀਵਣਾ,<br>
ਪਰ ਜੀਵਣਾ ਮੜਕ ਦੇ ਨਾਲ ।

ਜ਼ਿੰਦਗੀ ਦੁੱਖਾਂ ਅਤੇ ਸੁੱਖਾਂ ਦਾ ਨਾਂ ਹੈ, ਪਿਆਰ ਅਤੇ ਟਕਰਾਰ ਦਾ , ਦੋਸਤੀ ਅਤੇ ਚਾਹਤ ਦਾ , ਖੁਸ਼ੀਆਂ ਅਤੇ ਗ਼ਮੀਆਂ ਦਾ ਪਾਉਣ ਅਤੇ ਗਵਾਉਣ ਦਾ , ਰੁੱਸਣ ਅਤੇ ਮਨਾਉਣ ਦਾ,ਆਸ਼ਾ ਅਤੇ ਨਿਰਾਸ਼ਾ ਦਾ। ਜ਼ੀਂਦਗੀ ਸੰਬੰਧੀ ਕਈ ਵਿਦਵਾਨਾਂ ਦੇ ਵਿਚਾਰ ਹਨ –

* ਅੰਗਰੇਜ਼ੀ ਕਵੀ ਵਿਲੀਅਮ ਸ਼ੇਕਸਪੀਅਰ ਅਨੁਸਾਰ ," ਜ਼ਿੰਦਗੀ ਇੱਕ ਰੰਗਮੰਚ ਹੈ ਜਿੱਥੇ ਹਰ ਕੋਈ ਆਪਣਾ ਰੋਲ ਨਿਭਾ ਕੇ ਚਲਾ ਜਾਂਦਾ ਹੈ । "
* ਨਿਊ ਰਿਟੀਅਸ ਅਨੁਸਾਰ ਜ਼ਿੰਦਗੀ ਹਨੇਰੇ ਵਿੱਚ ਜੱਦੋ-ਜਹਿਦ ਹੈ ।
* ਮੁਨਸ਼ੀ ਪ੍ਰੇਮ ਚੰਦ ਅਨੁਸਾਰ ,"ਖਾਣ ਅਤੇ ਪੀਣ ਦਾ ਨਾਂ ਜੀਵਨ ਨਹੀਂ , ਜੀਵਨ ਸਦਾ ਹੀ ਅੱਗੇ ਵਧਦੇ ਰਹਿਣ ਦੀ ਲਗਨ ਦਾ ਨਾਂ ਹੈ । "
* ਗੋਰਕੀ ਅਨੁਸਾਰ ਜੀਵਨ ਚਾਬਕ ਮਾਰਕੇ ਚਲਾਉਣ ਵਾਲਾ ਘੋੜਾ ਨਹੀਂ ਹੈਰ

ਕਈ ਲੋਕ ਕਹਿੰਦੇ ਹਨ ਕਿ ਜ਼ੀਂਦਗੀ ਸੁਪਨਾ ਹੈ-ਜੋ ਘਟਨਾ ਇਕ ਲਈ ਸੁੱਖ ਪੈਦਾ ਕਰਦੀ ਹੈ, ਓਹੀ ਦੂਜੇ ਲਈ ਦੁੱਖ ਵੀ ਖੜਾ ਕਰ ਦਿੰਦੀ ਹੈ। ਇਹ ਅਨੁਮਾਨ ਅਗਿਆਨਤਾ ਕਰਕੇ ਹਨ। ਇਹ ਇਕ ਭਰਮ ਹੈ ਅਤੇ ਇਕ ਸੁਪਨੇ ਦੀ ਤਰਾਂ ਹੈ। ਇਸੇ ਲਈ ਗੁਰਬਾਣੀ ਵਿੱਚ ਤੇ ਦੁਨੀਆ ਭਰ ਦੇ ਸਿਆਣੇ ਬੁੱਧੀਜੀਵੀ ਇਸ ਦੁਨੀਆ ਨੂੰ ਸੁਪਨਾ ਕਹਿੰਦੇ ਹਨ। ਸਾਰੇ ਸੁਪਨੇ ਵਿਚ ਹੀ ਜਿਓਂ ਰਹੇ ਹਨ ਤੇ ਜਿਸਨੂੰ ਇਸ ਸਚਾਈ ਬਾਰੇ ਪਤਾ ਲੱਗ ਗਿਆ ਉਹ ਜਾਗ ਜਾਂਦਾ ਹੈ। ਸੁਪਨੇ ਦਾ ਪਤਾ ਤਾਂ ਸੁਪਨਾ ਖੁੱਲੇ ਤੇ ਲੱਗਦਾ ਹੈ। ਸੁਪਨੇ ਵਿਚ ਤਾਂ ਸੁਪਨਾ ਵੀ ਸਚਾਈ ਹੀ ਜਾਪਦਾ ਹੈ। ਸੁਪਨਾ ਖੁੱਲਣਾ ਹੀ ਆਪਣੇ ਆਪ ਦਾ ਗਿਆਨ ਹੋਏ ਤੇ ਹੈ ਅਤੇ ਆਪਣੇ ਆਪ ਦਾ ਗਿਆਨ ਆਤਮ ਚਿੰਤਨ ਭਾਵ ਸੱਚ ਤੇ ਸੰਤੋਖ ਦੀ ਵਿਚਾਰ ਨਾਲ ਹੁੰਦਾ ਹੈ। ਇਹੀ ਸੱਚ ਨੂੰ ਜਾਨਣ ਦਾ ਤਰੀਕਾ ਹੈ। ਜ਼ੀਂਦਗੀ ਲਗਾਤਾਰ ਚਲਦੀ ਹੀ ਰਹਿੰਦੀ ਹੈ ।ਉਤਰਾਅ ਚੜਾਅ ਜ਼ੀਂਦਗੀ ਦਾ ਹਿੱਸਾ ਹਨ।ਜ਼ੀਂਦਗੀ ਕਦੇ ਸਾਨੂੰ ਹਸਾ ਦਿੰਦੀ ਹੈ ਕਦੇ ਰਵਾ ਦਿੰਦੀ ਹੈ।ਅਸਲ ਜ਼ੀਂਦਗੀ ਜਿਉਣ ਦਾ ਮਜ਼ਾ ਉਦੋ ਆਉਂਦਾ ਹੈ ਜਦੋਂ ਅਸੀਂ ਦੂਜਿਆਂ ਲਈ ਜ਼ੀਂਦਗੀ ਜਿਉਦੇ ਹਾਂ।ਅਸਲ ਵਿੱਚ ਵਿੱਚ ਓਹੀ ਵਿਅਕਤੀ ਕਾਮਯਾਬ ਰਹਿੰਦਾ ਹੈ ਜੋ ਦੁੱਖਾਂ ਵਿੱਚ ਵੀ ਮੁਸਕਰਾਉਂਦਾ ਹੈ ।ਆਓ ਸਾਰੇ ਜਾਣੇ ਖੁਸ਼ੀਆਂ ਵੰਡੀਆਂ ਤੇ ਆਪਣੀ ਜ਼ੀਂਦਗੀ ਵੀ ਖੁਸ਼ਹਾਲ ਬਣਾਈਏ।

ਗਗਨਦੀਪ ਧਾਲੀਵਾਲ ਝਲੂਰ<br>
ਬਰਨਾਲਾ, ਜਨਰਲ ਸਕੱਤਰ ਮਹਿਲਾ ਕਾਵਿ ਮੰਚ ਪੰਜਾਬ

# ਸਰਕਾਰ ਸਮਝੇ ਕਿ ਕਿਸਾਨ ਦੇਸ਼ ਦੇ ਦੁਸ਼ਮਣ ਨਹੀਂ

-ਵਿਪਨ ਪੱਬੀ-

ਕੇਂਦਰ ਸਰਕਾਰ ਤੇ ਕਿਸਾਨਾਂ ਦੇ ਪ੍ਰਤੀਨਿਧਾਂ ਵਿਚਾਲੇ 11 ਦੌਰ ਦੀ ਗੱਲਬਾਤ ਕੋਈ ਵੀ ਸਫਲਤਾ ਹਾਸਲ ਕਰਨ 'ਚ ਅਸਫਲ ਰਹੀ ਹੈ। ਪ੍ਰਧਾਨ ਮੰਤਰੀ ਦੇ ਕਹੇ ਅਨੁਸਾਰ ਕਿ 'ਸਰਕਾਰ ਕੇਵਲ ਇੱਕ ਕਾਲ ਦੂਰ ਹੈ, ਇਸ ਦੇ ਬਾਵਜੂਦ ਕੋਈ ਹੱਲ ਨਹੀਂ ਨਿਕਲ ਸਕਦਾ। ਕਿਸਾਨਾਂ ਤੱਕ ਪਹੁੰਚ ਕਰਨ ਲਈ ਸਰਕਾਰ ਕੋਈ ਕਦਮ ਨਹੀਂ ਚੁੱਕ ਰਹੀ। ਕਿਸਾਨਾਂ ਨੇਤਾਵਾਂ ਦਾ ਕਹਿਣਾ ਹੈ ਕਿ ਨਰਿੰਦਰ ਸਿੰਘ ਤੋਮਰ ਉਤੇ ਭਰੋਸਾ ਨਹੀਂ ਹੈ ਅਤੇ ਇਹ ਵੀ ਨਹੀਂ ਪਤਾ ਕਿ ਪ੍ਰਧਾਨ ਮੰਤਰੀ ਤੱਕ ਕਿਵੇਂ ਪਹੁੰਚਿਆ ਜਾਵੇ। ਤਿੰਨ ਮਹੀਨੇ ਤੋਂ ਵੱਧ ਹੋ ਗਏ ਹਨ, ਤਿੰਨ ਵਿਵਾਦਤ ਖੇਤੀਬਾੜੀ ਕਾਨੂੰਨਾਂ ਵਿਰੁੱਧ ਲੱਖਾਂ ਕਿਸਾਨ ਤੇ ਉਨ੍ਹਾਂ ਦੇ ਸਮਰਥਕਾਂ ਦਿੱਲੀ ਦੀਆਂ ਹੱਦਾਂ 'ਤੇ ਡੇਰੇ ਲਾਈ ਬੈਠੇ ਹਨ। ਆਰਜ਼ੀ ਆਸਰਿਆਂ ਹੇਠਾਂ ਉਨ੍ਹਾਂ ਨੇ ਕੜਾਕੇ ਦੀ ਠੰਡ ਸਹਾਰੀ ਅਤੇ 250 ਤੋਂ ਵੱਧ ਕਿਸਾਨਾਂ ਦੀ 30 ਨਵੰਬਰ ਵਿੱਚ ਸ਼ੁਰੂ ਹੋਏ ਰੋਸ ਵਿਖਾਵਿਆਂ ਦੇ ਬਾਅਦ ਮੌਤ ਹੋ ਚੁੱਕੀ ਹੈ।

ਕਿਸਾਨਾਂ ਨੂੰ ਕਾਨੂੰਨ ਵਾਪਸ ਲੈਣ ਤੇ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦੀ ਗਾਰੰਟੀ ਦੇਣ ਬਾਰੇ ਕਿਸਾਨਾਂ ਨਾਲ ਇਸ ਮੁੱਦੇ ਨੂੰ ਹੱਲ ਕਰਨ 'ਚ ਹੋਣ ਵਾਲੀ ਦੇਰੀ ਨੂੰ ਘੱਟ ਕਰਨ ਲਈ ਸਰਕਾਰ ਨੇ ਭਰੋਸਾ ਦਿੰਦੇ ਹੋਏ ਕਿਹਾ ਕਿ ਐਮ ਐਸ ਪੀ ਜਾਰੀ ਰਹੇਗੀ। ਇਹ ਅੰਦੋਲਨ ਲੰਬੇ ਸਮੇਂ ਦੇ ਨਤੀਜਿਆਂ ਨਾਲ ਸੰਭਾਵਤ ਧਮਾਕਾਖੇਜ਼ ਸਥਿਤੀ ਵੱਲ ਵਧ ਰਿਹਾ ਹੈ। ਜ਼ਾਹਿਰ ਹੈ ਕਿ ਠੰਡ ਅਤੇ ਸਰਕਾਰੀ ਮਸ਼ੀਨਰੀ ਦੀ ਤਾਕਤ ਨੂੰ ਘਟਾਉਣ ਵਾਲਿਆਂ ਨੇ, ਜਿਨ੍ਹਾਂ ਨੇ ਲੰਬੇ ਸਮੇਂ ਤੱਕ ਪਾਣੀ ਤੇ ਬਿਜਲੀ ਦੀ ਸਪਲਾਈ ਦੇ ਨਾਲ ਵਾਈਫਾਈ ਨੂੰ ਵੀ ਕੱਟਣ ਦੀ ਕੋਸ਼ਿਸ਼ ਕੀਤੀ, ਉਹ ਆਪਣੀ ਪੂਰੀ ਜ਼ਿੰਦਗੀ ਦੀਆਂ ਔਕੜਾਂ ਨੂੰ ਨਹੀਂ ਭੁੱਲ ਸਕਦੇ। ਬੀਤੇ ਵਿੱਚ ਪਹਿਲਾਂ ਤੋਂ ਚਰਚਿਤ ਰਹੇ ਇਸ ਲੇਖ ਵਿੱਚ ਮੰਗਾਂ ਦੇ ਗੁਣਾਂ ਵੱਲ ਜਾਣ ਦੇ ਬਿਨਾਂ ਲੇਖਕ ਦੋਵਾਂ ਧਿਰਾਂ ਨੂੰ ਉਨ੍ਹਾਂ ਦੇ ਵੱਲੋਂ ਲਏ ਗਏ ਸਿਖਰ ਦੇ ਅਹੁਦਿਆਂ ਨੂੰ ਛੱਡਣ ਦੇ ਲਈ ਦ੍ਰਿੜ੍ਹਤਾ ਨਾਲ ਸੁਚੇਤ ਕਰਦਾ ਹੈ ਅਤੇ ਹਾਲਤ ਨੂੰ ਹੋਰ ਲੰਬਾ ਨਾ ਖਿੱਚਣ ਦੇਣਾ ਚਾਹੁੰਦਾ ਹੈ।

ਅਸੀਂ ਸਾਰਿਆਂ ਨੇ ਗਣਤੰਤਰ ਦਿਵਸ 'ਤੇ ਲਾਲ ਕਿਲੇ ਵਿੱਚ ਮੰਦਭਾਗੀ ਅਤੇ ਨਿੰਦਣਯੋਗ ਕਾਰਵਾਈ ਨੂੰ ਦੇਖਿਆ। ਇਸ ਕਾਰਵਾਈ ਦੇ ਪਿੱਛੇ ਆਖਿਰ ਕੌਣ ਹੈ? ਇਸ ਦੇ ਲਈ ਹੋ ਰਹੇ ਦਾਅਵਿਆਂ ਅਤੇ ਉਨ੍ਹਾਂ ਦੇ ਵਿਰੁੱਧ ਚੱਲ ਰਹੀਆਂ ਗੱਲਾਂ ਬਹਿਸ ਦਾ ਵਿਸ਼ਾ ਹਨ, ਪਰ ਇਹ ਮਹੱਤਵ ਪੂਰਨ ਹੈ ਕਿ ਜਿਸ ਗੱਲ ਨੂੰ ਦੱਸਣ ਦੀ ਲੋੜ ਹੈ, ਉਹ ਇਹ ਹੈ ਕਿ ਲੰਬੇ ਸਮੇਂ ਤੱਕ ਅੰਦੋਲਨ ਦੀ ਛੁਪੇ ਸਵਾਰਥੀਆਂ ਵੱਲੋਂ ਦੁਰਵਰਤੋਂ ਕੀਤੀ ਜਾ ਸਕਦੀ ਹੈ। ਕੁਝ ਲੋਕ ਆਪਣਾ ਹੌਸਲਾ ਵੀ ਗੁਆ ਸਕਦੇ ਹਨ। ਮੋਦੀ ਸਰਕਾਰ ਸ਼ਾਇਦ ਇਸ ਗੱਲੋਂ ਡਰਦੀ ਹੈ ਕਿ ਉਸ ਵੱਲੋਂ ਅੱਗੇ ਵਧਣ ਨਾਲ 'ਸਖਤ ਸਰਕਾਰ' ਦਾ ਅਕਸ ਖ਼ਰਾਬ ਹੋ ਸਕਦਾ ਹੈ। ਆਖਿਰ ਸਰਕਾਰ ਨੇ ਅਯੁੱਧਿਆ ਵਿਵਾਦ, ਜੰਮੂ ਕਸ਼ਮੀਰ, ਸੀ ਏ ਏ ਅਤੇ ਨੋਟਬੰਦੀ ਆਦਿ ਕਾਰਵਾਈਆਂ ਅਤੇ ਜੀ ਐਸ ਟੀ ਵਰਗੇ ਪੈਂਡਿੰਗ ਮਾਮਲਿਆਂ 'ਤੇ ਕਾਹਲੀ 'ਚ ਫੈਸਲੇ ਲਏ ਹੀ ਸਨ।

ਸਰਕਾਰ ਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਕਿਸਾਨ ਦੇਸ਼ ਦੇ ਦੁਸ਼ਮਣ ਨਹੀਂ ਅਤੇ ਉਨ੍ਹਾਂ ਨੂੰ ਪਰਵਾਰ ਦੇ ਮੈਂਬਰਾਂ ਦੇ ਰੂਪ ਵਿੱਚ ਮੰਨਿਆ ਜਾਣਾ ਚਾਹੀਦਾ ਹੈ। ਇਸ ਦੇ ਇਲਾਵਾ ਇਨ੍ਹਾਂ ਕਿਸਾਨਾਂ ਦਾ ਮਹੱਤਵ ਤੇ ਉਨ੍ਹਾਂ ਦਾ ਯੋਗਦਾਨ ਖੇਤੀਬਾੜੀ ਅਤੇ ਰੱਖਿਆ ਦੋਵਾਂ ਖੇਤਰਾਂ ਵਿੱਚ ਉਨ੍ਹਾਂ ਦੀ ਆਬਾਦੀ ਲਈ ਅਨੁਪਾਤਹੀਣ ਹੈ। ਸਰਕਾਰ ਨੂੰ ਇਸ ਖੇਤਰ ਦੇ ਕਿਸਾਨਾਂ, ਸਿੱਖਾਂ ਦੇ ਸੱਭਿਆਚਾਰ, ਉਨ੍ਹਾਂ ਦੇ ਇਤਿਹਾਸ ਅਤੇ ਲੋਕਾਚਾਰ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੂੰ ਬਹੁਤ ਹੀ ਜ਼ਿਆਦਾ ਕੁਰਬਾਨੀ ਕਰਨ ਲਈ ਜਾਣਿਆ ਜਾਂਦਾ ਹੈ।



ਕਿਸਾਨਾਂ ਨੂੰ ਸਵੈ-ਪੜਚੋਲ ਕਰਨ ਦੀ ਲੋੜ ਹੈ ਤੇ ਇਹ ਦੇਖਣਾ ਚਾਹੀਦਾ ਹੈ ਕਿ ਲੱਖਾਂ ਲੋਕਾਂ ਦੀਆਂ ਸ਼ਰਤਾਂ ਨੂੰ ਜਾਰੀ ਰੱਖਿਆ ਜਾਵੇ ਜਾਂ ਅੜਿੱਕੇ ਨੂੰ ਖਤਮ ਕਰਨ ਲਈ ਕੁਝ ਵਿਚਲਾ ਰਸਤਾ ਧਾਰਨ ਕੀਤਾ ਜਾਵੇ। ਕਿਸਾਨਾਂ ਦੀ ਆਮ ਸਹਿਮਤੀ ਤੱਕ ਪਹੁੰਚਣ ਵਿੱਚ ਇੱਕ ਸਮੱਸਿਆ ਸਪੱਸ਼ਟ ਅਗਵਾਈ ਦੀ ਘਾਟ ਹੈ। ਦੋ ਦਰਜਨ ਤੋਂ ਵੱਧ ਸੰਗਠਨਾਂ ਅਤੇ ਲੱਗਭਗ 40 ਨੇਤਾਵਾਂ ਦੀ ਗੱਲਬਾਤ 'ਚ ਸ਼ਾਮਲ ਹੋਣ ਨਾਲ ਕਿਸੇ ਵੀ ਸਮਝੌਤੇ 'ਤੇ ਪਹੁੰਚਣਾ ਯਕੀਨੀ ਤੌਰ 'ਤੇ ਮੁਸ਼ਕਲ ਲੱਗ ਰਿਹਾ ਸੀ। ਇਸ ਤਰ੍ਹਾਂ ਜਦੋਂ ਨੇਤਾਵਾਂ ਦਾ ਇੱਕ ਵਰਗ ਕਾਨੂੰਨਾਂ ਦੇ ਮੁਲਤਵੀ ਕਰਨ ਦੇ ਲਈ ਕੇਂਦਰ ਦੀ ਪੇਸ਼ਕਸ਼ ਦੇ ਨਾਲ ਸਹਿਮਤ ਨਹੀਂ ਸੀ ਤਾਂ ਦੂਸਰੇ ਨੇ ਆਪਣੇ ਪੈਰਾਂ ਹੇਠ ਰੱਖ ਦਿੱਤਾ।

ਇਸ ਤੋਂ ਪਹਿਲਾਂ ਕਿ ਸਥਿਤੀ ਹੋਰ ਵਿਗੜੇ ਅਤੇ ਕੁਝ ਸ਼ਰਾਰਤੀ ਤੱਤ ਇਸ 'ਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਨ, ਦੋਵਾਂ ਧਿਰਾਂ ਦੇ ਲਈ ਮਹੱਤਵ ਪੂਰਨ ਹੈ ਕਿ ਕੋਈ ਰਾਹ ਲੱਭਿਆ ਜਾਵੇ। ਇੱਥੋਂ ਤੱਕ ਕਿ ਸਰਕਾਰ ਦੇ ਮੁੱਖ ਸੰਕਟ ਮੋਚਕ ਅਮਿਤ ਸ਼ਾਹ ਵੀ ਇਸ ਮੁੱਦੇ ਨੂੰ ਹੱਲ ਕਰਨ 'ਚ ਅਸਫਲ ਰਹੇ ਹਨ। ਸਰਕਾਰ ਦੇ ਕੋਲ ਇੱਕ ਬ੍ਰਹਮ ਅਸਤਰ ਕੋਈ ਹੋਰ ਨਹੀਂ, ਸਗੋਂ ਖ਼ੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿੱਧੀ ਪਹਿਲ ਹੈ। ਮੋਦੀ ਨੂੰ ਆਪਣੀ ਕੂਟਨੀਤੀ ਦਿਖਾਉਣੀ ਹੋਵੇਗੀ। ਕਿਸਾਨ ਨੇਤਾਵਾਂ ਨੂੰ ਸੁਖਾਵੇਂ ਤਰੀਕੇ ਨਾਲ ਹਾਂ ਪੱਖੀ ਨਜ਼ਰੀਆਂ ਅਪਣਾਉਂਦੇ ਹੋਏ ਨਾਲ ਚੱਲਣਾ ਚਾਹੀਦਾ ਹੈ ਤੇ ਵੱਕਾਰ 'ਤੇ ਖੜੇ ਨਹੀਂ ਹੋਣਾ ਚਾਹੀਦਾ। ਲੰਬੇ ਸਮੇਂ ਤੋਂ ਜਾਰੀ ਅੜਿੱਕਾ ਦੇਸ਼ ਨੂੰ ਲੰਬੇ ਸਮੇਂ ਦਾ ਨੁਕਸਾਨ ਪਹੁੰਚਾ ਰਿਹਾ ਹੈ। ਬਿਨ੍ਹਾਂ ਕਿਸੇ ਹੋਰ ਦੇਰੀ ਦੇ ਮੁੱਦੇ ਨੂੰ ਹੱਲ ਕਰਨਾ ਸਾਡੇ ਸਾਰਿਆਂ ਦੇ ਹਿੱਤ 'ਚ ਹੈ।

# ਭਾਰਤ ਵਿੱਚ ਮੁਸਲਿਮ ਹੋਣਾ ਸੌਖਾ ਨਹੀਂ

-ਕਰਣ ਥਾਪਰ-

ਮੈਂ ਆਸਾਨੀ ਨਾਲ ਪ੍ਰਭਾਵਤ ਨਹੀਂ ਹੁੰਦਾ, ਮੇਰੇ ਕੋਲ ਉਧਾਰ ਸਵਾਦ ਹਨ, ਜੋ ਅਕਸਰ ਮੈਨੂੰ ਪਸੰਦ ਕਰਨ ਦੇ ਬਾਰੇ ਬੇ-ਯਕੀਨਾ ਛੱਡ ਦਿੰਦੇ ਹਨ। ਇਸ ਲਈ ਇਹ ਅਕਸਰ ਮੈਨੂੰ ਇੱਕ ਪੁਸਤਕ ਆਕਰਸ਼ਣ ਲੱਗਦਾ ਹੈ। ਗਜ਼ਾਲਾ ਵਹਾਬ ਦੀ ਕਿਤਾਬ ਦਾ ਨਾਂਅ 'ਬੋਰਨ ਏ ਮੁਸਲਿਮ' ਹੈ। ਉਨ੍ਹਾਂ 'ਚੋਂ ਭਾਰਤ ਵਿੱਚ ਇਸਲਾਮ ਬਾਰੇ ਸੱਚਾਈ ਨਿਸ਼ਚਿਤ ਤੌਰ 'ਤੇ ਇੱਕ ਹੈ। ਕਦੀ-ਕਦੀ ਆਤਮਕਥਾ ਅਕਸਰ ਵਿਸ਼ਲੇਸ਼ਣਾਤਮਕ, ਠੋਸ ਅਤੇ ਇਤਿਹਾਸ ਨੂੰ ਰੌਸ਼ਨ ਕਰਨ ਵਾਲੀ ਹੁੰਦੀ ਹੈ। ਇਹ ਤੁਹਾਨੂੰ ਦੱਸਦੀ ਹੈ ਕਿ ਭਾਰਤੀ ਮੁਸਲਮਾਨ ਹੋਣਾ ਕਿਵੇਂ ਹੈ। ਵਹਾਬ ਦੱਸਦੀ ਹੈ ਕਿ "ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਤਾਂ ਮੈਂ ਸਾਥੀ ਮੁਸਲਮਾਨਾਂ ਨੂੰ ਸੰਬੋਧਤ ਕਰਨਾ ਚਾਹੁੰਦੀ ਸੀ ਅਤੇ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦੀ ਸੀ ਕਿ ਉਨ੍ਹਾਂ ਨੂੰ ਮੁੱਲਿਆਂ ਤੋਂ ਪਰ੍ਹੇ ਦੇਖਣ ਅਤੇ ਆਧੁਨਿਕਤਾ ਨੂੰ ਅਪਣਾਉਣ ਦੀ ਲੋੜ ਹੈ।"

ਜਿਵੇਂ ਕਿ ਉਹ ਜਾਣਦੇ ਹਨ, ਭਾਰਤ 'ਚ ਸਿਰਫ ਮੁਸਲਮਾਨ ਕਿਵੇਂ ਕਮਜ਼ੋਰ ਹਨ ਅਤੇ ਕਿਵੇਂ ਭੈਅਭੀਤ ਹਨ, ਉਨ੍ਹਾਂ ਦਾ ਨਜ਼ਰੀਆ ਬਦਲ ਗਿਆ। ਕੋਈ ਇਹ ਕਿਵੇਂ ਕਹਿ ਸਕਦਾ ਹੈ ਕਿ ਲੋਕ ਸਿਰਫ ਜ਼ਿੰਦਾ ਰਹਿਣ ਨੂੰ ਸੰਘਰਸ਼ ਕਰਦੇ ਹਨ। ਉਨ੍ਹਾਂ ਨੂੰ ਆਪਣੀ ਸੋਚ, ਜੀਵਨ ਜਿਉਣ ਦੇ ਤਰੀਕੇ ਤੇ ਧਰਮ ਲਈ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਬਦਲਣ ਦੀ ਲੋੜ ਹੈ। ਤੁਸੀਂ ਕਹਿ ਸਕਦੇ ਹੋ ਕਿ ਸਾਡੇ ਮੁਸਲਿਮ ਭਰਾਵਾਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਵੀ ਚੁਣੌਤੀ ਹੈ ਕਿ ਵਹਾਬ ਇਸ ਦੀ ਪ੍ਰਤੀਕਿਰਿਆ ਦਿੰਦੀ ਹੈ। ਵਹਾਬ ਦੀ ਯਾਤਰਾ ਉਦੋਂ ਸ਼ੁਰੂ ਹੋਈ, ਜਦੋਂ ਉਨ੍ਹਾਂ ਨੇ ਲੋਕਾਂ ਨੂੰ 'ਮੁਸਲਿਮ' ਅਤੇ 'ਭਾਰਤੀ' ਵਿੱਚ ਦੋ ਪ੍ਰਮੁੱਖ ਪਛਾਣਾਂ ਦਾ ਅਹਿਸਾਸ ਕਰਵਾਇਆ। ਭਾਰਤ ਵਿੱਚ ਇੱਕ ਮੁਸਲਮਾਨ ਹੋਣ ਦੇ ਨਾਤੇ ਇਸ ਦਾ ਕੀ ਮਤਲਬ ਹੈ? ਇਹ ਵੀ ਅੰਦਰੋਂ ਵੱਧ ਦੇਖਣ ਵਾਲਾ ਸਵਾਲ ਹੈ ਕਿ ਇਹ ਮੁਸਲਿਮ ਹੋਣ ਅਤੇ ਅੱਗੇ ਵੱਲ ਦੇਖਣ ਲਈ ਸੰਭਵ ਨਹੀਂ? ਇਹ ਪੁਸਤਕ ਇਮਾਨਦਾਰ ਹੈ, ਪਰ ਦੋਵਾਂ ਲਈ ਪ੍ਰੇਸ਼ਾਨ ਕਰ ਦੇਣ ਵਾਲੇ ਜਵਾਬ ਹਨ।

ਵਹਾਬ ਦਾ ਮੰਨਣਾ ਹੈ ਕਿ ਬਾਹਰੀ ਅਤੇ ਅੰਦਰੂਨੀ ਤਾਕਤਾਂ ਹਨ, ਜੋ ਮੁਸਲਮਾਨਾਂ ਨੂੰ ਆਪਣੇ ਚੁੰਗਲ 'ਚ ਰੱਖਦੀਆਂ ਹਨ। ਬਾਹਰੀ ਸਮਾਜ, ਸਿਆਸੀ ਵਿਤਕਰਾ ਹੈ, ਜੋ ਕਾਨੂੰਨ ਨਿਰਮਾਤਾ ਅਤੇ ਉਸ ਨੂੰ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਹੱਥਾਂ ਦਾ ਸਾਹਮਣਾ ਕਰਦੇ ਹਨ। ਇਹੀ ਅਕਸਰ ਸਰੀਰਕ ਅਤੇ ਮਾਨਸਿਕ ਹਿੰਸਾ ਦਾ ਕਾਰਨ ਬਣਦਾ ਹੈ। ਇਹ ਉਨ੍ਹਾਂ ਨੂੰ ਬਰਾਬਰ ਦੇ ਮੌਕੇ ਤੇ ਇਥੋਂ ਤੱਕ ਕਿ ਨਿਆਂ ਤੋਂ ਵੀ ਵਾਂਝੇ ਕਰਦਾ ਹੈ। ਇਹ ਮੁਸਲਮਾਨਾਂ ਨੂੰ ਆਪਣੇ ਖ਼ੁਦ ਦੇ ਅੰਕੜਿਆਂ 'ਚ ਸੁਰੱਖਿਆ ਦੀ ਭਾਲ ਕਰਨ ਲਈ ਮਜਬੂਰ ਕਰਦਾ ਹੈ ਅਤੇ ਉਹ ਮੁੱਖ ਧਾਰਾ ਦੇ ਘੇਰੇ ਵਿੱਚ ਵਾਪਸ ਚਲੇ ਜਾਂਦੇ ਹਨ, ਜਿਸ ਨਾਲ ਰਿਹਾਇਸ਼, ਸਿੱਖਿਆ ਅਤੇ ਪੇਸ਼ੇ ਦੇ ਮਾਮਲੇ ਵਿੱਚ ਉਨ੍ਹਾਂ ਦੀ ਪਸੰਦ ਸੀਮਿਤ ਹੋ ਜਾਂਦੀ ਹੈ।

ਅੰਦਰੂਨੀ ਬਲ ਅਨਪੜ੍ਹਤਾ, ਗਰੀਬੀ ਅਤੇ ਮੁੱਲਿਆਂ ਦੇ ਬਿਨਾਂ ਸਮੇਂ ਦੇ ਪ੍ਰਭਾਵ ਤੋਂ ਪੈਦਾ ਭੈੜਾ ਚੱਕਰ ਹੈ। ਇਹ ਵੱਡੀ ਗਿਣਤੀ ਵਿੱਚ ਅਨਪੜ੍ਹ ਰੱਖਦਾ ਹੈ ਅਤੇ ਇਸੇ ਕਾਰਨ ਬੇਰੋਜ਼ਗਾਰ ਹੋਣਾ ਪੈਂਦਾ ਹੈ।

ਸਾਡੇ ਵਿੱਚੋਂ ਕਿਨੇ ਲੋਕ ਹਨ ਜੋ ਬਾਹਰੋਂ ਮੁਸਲਮਾਨਾਂ ਨੂੰ ਦੇਖਦੇ ਹਨ, ਇਸ ਗੱਲ ਨੂੰ ਸਮਝਦੇ ਹਨ? ਸ਼ਾਇਦ ਬੜੇ ਘੱਟ। ਸਾਡੇ ਹਾਕਮ ਵੀ ਘੱਟ ਸਮਝਦੇ ਹਨ। ਇਹੀ ਕਾਰਨ ਹੈ



ਕਿ ਮੁਸਲਿਮ ਇੱਕੋ ਸਮੇਂ ਵਿੱਚ ਰਾਸ਼ਟਰ ਵਿਰੋਧੀ ਅਤੇ ਇੱਕੋ ਸਮੇਂ ਵਿੱਚ ਤ੍ਰਿਸਕਾਰੇ ਹੋਣ ਦਾ ਦੋਹਰਾ ਬੋਝ ਢੋਂਦੇ ਹਨ। ਵਹਾਬ ਖੁਲਾਸਾ ਕਰਦੀ ਹੈ ਕਿ ਦੁਨੀਆ ਅਜਿਹੀ ਹੈ, ਜਿਸ ਵਿੱਚ ਇੱਕ ਦਰਵਾਜ਼ੇ ਦੇ ਦੂਸਰੇ ਹਿੱਸੇ ਤੱਕ ਅਸੀਂ ਕਦੀ ਨਹੀਂ ਚੱਲਦੇ। ਇਹ ਇੱਕ ਬੁਰਾ ਸੁਫਨਾ ਹੈ। ਨੌਜਵਾਨ ਮੁਸਲਮਾਨਾਂ ਬਾਰੇ ਵਹਾਬ ਲਿਖਦੀ ਹੈ ਕਿ ਉਨ੍ਹਾਂ 'ਚੋਂ ਹਰੇਕ ਨੇ ਭਾਰਤੀ ਹੋਣ ਦੇ ਨਾਤੇ ਮੇਰੇ ਸਮਾਨ ਅਧਿਕਾਰਾਂ ਨਾਲ ਜਨਮ ਲਿਆ। ਨੌਜਵਾਨ ਮੁਸਲਿਮ ਮਰਦਾਂ ਨੂੰ ਅਕਸਰ ਅੱਤਵਾਦ ਵਿਰੋਧੀ ਕਾਨੂੰਨ ਜਾਂ ਕਿਸੇ ਹੋਰ ਦੋਸ਼ ਤਹਿਤ ਅਣਮਿੱਥੇ ਸਮੇਂ ਲਈ ਚੁੱਕਿਆ ਜਾਂ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਖੋਜ ਦੱਸਦੀ ਹੈ ਕਿ ਮੁਸਲਿਮ ਨੌਜਵਾਨਾਂ ਨੂੰ ਅਨੁਸੂਚਿਤ ਜਾਤਾਂ ਅਤੇ ਗੈਰ-ਅਨੁਸੂਚਿਤ ਜਾਤਾਂ ਦੋਵਾਂ ਦੇ ਖਾਨੇ 'ਚ ਕਾਫੀ ਬੁਰਾ ਮੰਨਿਆ ਜਾਂਦਾ ਹੈ ਤਾਂ ਕਈ ਮਾਤਾਵਾਂ ਆਪਣੇ ਪੁੱਤਰਾਂ ਨੂੰ ਵਿਦੇਸ਼ ਭੇਜਣਾ ਚਾਹੁੰਦੀਆਂ ਹਨ। ਭਾਰਤ 'ਚ ਇੱਕ ਮੁਸਲਿਮ ਲੜਕਾ ਜਾਂ ਬਦਮਾਸ਼ ਹੋਵੇਗਾ ਜਾਂ ਉਸ ਨੂੰ ਇੱਕ ਦੰਗਾ ਕਰਨ ਵਾਲੇ ਦੇ ਰੂਪ ਵਿੱਚ ਵੇਖਿਆ ਜਾਵੇਗਾ ਜਾਂ ਫਿਰ ਪੁਲਸ ਵੱਲੋਂ ਮਾਰ ਦਿੱਤਾ ਜਾਵੇਗਾ। ਕੁਝ ਗਰੀਬ ਬਚਣ ਲਈ ਹਿਜਰਤ ਕਰ ਜਾਂਦੇ ਹਨ। ਹਾਂ, ਇਹ ਇਹੀ ਸ਼ਬਦ ਹੈ। ਉਹ ਹਿੰਦੂ ਹੋਣ ਦਾ ਦਿਖਾਵਾ ਕਰਦੇ ਹਨ। ਉਹ ਆਪਣਾ ਨਾਂਅ ਬਦਲ ਲੈਂਦੇ ਹਨ ਤੇ ਆਪਣੀ ਇੱਕ ਨਵੀਂ ਪਛਾਣ ਦੇ ਦਿੰਦੇ ਹਨ। ਜੇ ਮੇਰਾ ਨਾਂਅ ਇੱਕ ਹਿੰਦੂ ਦਾ ਹੋਵੇਗਾ ਤਾਂ ਕੋਈ ਮੈਨੂੰ ਪ੍ਰੇਸ਼ਾਨ ਨਹੀਂ ਕਰੇਗਾ। ਵਹਾਬ ਲਿਖਦੀ ਹੈ ਕਿ ਉਹ ਧਰਮ ਬਦਲਣ ਲਈ ਤਿਆਰ ਹਨ, 'ਪਰ ਦਿਲ ਵਿੱਚ ਕੀ ਹੈ। ਇਹ ਕਿਸੇ ਨੂੰ ਕੀ ਪਤਾ?'

ਮੈਨੂੰ ਨਹੀਂ ਪਤਾ ਕਿ ਇਹ ਕੁਝ ਲੋਕਾਂ ਦੇ ਨਾਲ ਸੱਚ ਹੈ, ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਇੱਥੋਂ ਤੱਕ ਕਿ ਜੇ ਇਹ ਹੈ ਤਾਂ ਇਹ ਤ੍ਰਾਸਦੀ ਹੈ, ਜੋ ਸਾਨੂੰ ਸ਼ਰਮਸਾਰ ਕਰਦੀ ਹੈ। ਜਦੋਂ ਤੱਕ ਮੈਂ ਵਹਾਬ ਦੀ ਕਿਤਾਬ ਨਹੀਂ ਪੜ੍ਹੀ ਸੀ, ਮੈਨੂੰ ਇਸ ਬਾਰੇ ਪਤਾ ਨਹੀਂ ਸੀ। ਇੱਕ ਹੋਰ ਰੰਗ ਵੀ ਹੈ। ਤੁਸੀਂ ਇਸ ਨੂੰ ਉਲਟਾ ਬੁਲਾ ਸਕਦੇ ਹੋ। ਵਹਾਬ ਇਸ ਨੂੰ ਲਿਖਣ 'ਚ ਵੀ ਓਨੀ ਹੀ ਸਟੀਕ ਹਨ। ਉਦਾਰਵਾਦੀ ਮੁਸਲਮਾਨ ਸਿਰਫ ਦੋ ਬੁਨਿਆਦਾਂ ਦੇ ਦਰਮਿਆਨ ਨਹੀਂ ਫਸੇ, ਸਗੋਂ ਫਟੇ ਹੋਏ ਹਨ। ਇੱਕ ਪਾਸੇ ਰੂੜ੍ਹੀਵਾਦੀ ਜਾਂ ਧਰਮ ਨਿਰਪੱਖ ਉਨ੍ਹਾਂ ਨੂੰ ਨਾਪਸੰਦ ਕਰਦੇ ਹਨ ਤੇ ਦੂਜੇ ਪਾਸੇ ਹਿੰਦੂ ਉਨ੍ਹਾਂ 'ਤੇ ਸ਼ੱਕ ਕਰਦੇ ਹਨ ਤਾਂ ਉਨ੍ਹਾਂ ਕੋਲ ਕੀ ਬਦਲ ਹੈ? ਕੀ ਉਹ ਆਪਣੇ ਸਿਰ ਨੂੰ ਨੀਵਾਂ ਰੱਖਣ ਅਤੇ ਆਸ ਕਰਨ ਕਿ ਉਨ੍ਹਾਂ ਨੂੰ ਇੱਕ ਪੱਖ ਲੈਣ ਲਈ ਸੱਦਿਆ ਨਹੀਂ ਜਾਵੇਗਾ। ਫਿਰ ਵੀ ਇਹ ਅਜਿਹੇ ਲੋਕ ਹਨ, ਜਿਨ੍ਹਾਂ ਦੀ ਉਨ੍ਹਾਂ ਦੀ ਚੁੱਪ ਲਈ ਆਲੋਚਨਾ ਕੀਤੀ ਜਾਂਦੀ ਹੈ। ਸੱਚਾਈ ਇਹ ਹੈ ਕਿ ਭਾਰਤ ਵਿੱਚ ਮੁਸਲਿਮ ਹੋਣਾ ਸੌਖਾ ਨਹੀਂ। ਬਾਹਰ ਦੀ ਦੁਨੀਆ ਅਤੇ ਤੁਹਾਡਾ ਆਪਣਾ ਭਾਈਚਾਰਾ ਦੋਵੇਂ ਤੁਹਾਨੂੰ ਦੁੱਖ ਦਿੰਦੇ ਹਨ। ਜੇ ਤੁਸੀਂ ਸਮਝਣਾ ਚਾਹੁੰਦੇ ਹੋ ਜਾਂ ਸ਼ਾਇਦ ਮੁਸਲਮਾਨਾਂ ਨੂੰ ਉਨ੍ਹਾਂ ਦੀਆਂ ਅੱਖਾਂ ਨਾਲ ਦੇਖਣਾ ਚਾਹੁੰਦੇ ਹੋ ਤਾਂ ਇਹ ਕਿਤਾਬ ਤੁਹਾਨੂੰ ਪੜ੍ਹਨੀ ਚਾਹੀਦੀ ਹੈ। ਇਹ ਪ੍ਰਕਾਸ਼ਿਤ ਹੋ ਚੁੱਕੀ ਹੈ।

# ਵਿਅੰਗ ਰਾਮ ਸਿੰਘ ਦੀ ਟਰੇਨਿੰਗ

-ਹਰੀ ਸ਼ੰਕਰ ਪਰਸਾਈ-

ਰਾਮ ਸਿੰਘ ਰੋਜ਼ ਸ਼ਾਮ ਮੇਰੇ ਘਰ ਆਉਂਦਾ ਹੈ। ਮੈਨੂੰ ਸਾਹਮਣੇ ਬਿਠਾ ਕੇ ਪੂਰਾ ਘੰਟਾ ਮੈਨੂੰ ਖ਼ੂਬ ਗਾਲ੍ਹਾਂ ਕੱਢਦਾ ਹੈ। ਗੁਆਂਢੀ ਪੁੱਛਦੇ ਨੇ, "ਕੀ ਇਹ ਪਾਗਲ ਹੋ ਗਿਆ ਹੈ?"

ਮੈਂ ਕਹਿੰਦਾ ਹਾਂ, "ਨਹੀਂ।"

ਫਿਰ ਉਹ ਮੈਨੂੰ ਉਤਸ਼ਾਹਤ ਕਰਦੇ ਹਨ ਕਿ ਜਾਂ ਤਾਂ ਮੈਂ ਉਸ ਦੇ ਚਾਰ ਚਪੇੜਾਂ ਜੜ ਦਿਆਂ ਜਾਂ ਉਸ ਨੂੰ ਕੁੱਟਣ ਦਾ ਫਰਜ਼ ਆਪਣੇ ਗੁਆਂਢੀਆਂ ਨੂੰ ਨਿਭਾਉਣ ਦਿਆਂ। ਮੈਂ ਗੱਲ ਹਾਸੇ ਵਿੱਚ ਟਾਲ ਦੇਂਦਾ ਹਾਂ। ਉਹ ਮੈਨੂੰ ਡਰਪੋਕ ਜਾਂ ਮਾਨਸਿਕ ਤੌਰ ਉੱਤੇ ਹਿੱਲਿਆ ਸਮਝਣ ਦੀ ਤਿਆਰੀ ਵਿੱਚ ਹਨ। ਰਾਮ ਸਿੰਘ 'ਕੱਲੀਆਂ ਗਾਲ੍ਹਾਂ ਨਹੀਂ ਕੱਢਦਾ, ਇੱਕ ਵਾਰ ਰਾਤ ਨੂੰ ਉਹ ਮੇਰੇ ਘਰ ਗਾਂਜੇ ਦਾ ਭੋਰਾ ਸੁੱਟ ਗਿਆ। ਦੂਜੇ ਦਿਨ ਮੂੰਹ ਹਨੇਰੇ ਸਾਡੇ ਘਰ ਦੀ ਤਲਾਸ਼ੀ ਲੈਣ ਆ ਟਪਕਿਆ। ਰੁਮਾਲ ਨਾਲ ਮੇਰੇ ਹੱਥ ਬੰਨ੍ਹ ਦਿੱਤੇ ਅਤੇ ਮੈਨੂੰ ਗ੍ਰਿਫਤਾਰ ਕਰ ਲਿਆ। ਉਹ ਮੈਨੂੰ ਆਪਣੇ ਛੋਟੇ ਭਾਈ ਵਾਂਗ ਪਿਆਰਾ ਹੈ। ਮੈਂ ਇਹ ਦੇਖ ਕੇ ਬੜਾ ਖੁਸ਼ ਹੁੰਦਾ ਹਾਂ ਕਿ ਉਹ ਤੇਜ਼ ਰਫਤਾਰ ਨਾਲ ਯੋਗ ਬਣਦਾ ਜਾਂਦਾ ਹੈ, ਨੌਕਰੀ ਵਿੱਚ ਤਰੱਕੀ ਕਰੇਗਾ।

ਅੱਠ ਦਸ ਦਿਨ ਪਹਿਲਾਂ ਰਾਮ ਸਿੰਘ ਦੇ ਵੱਡੇ ਭਾਈ ਹਨੂਮਾਨ ਸਿੰਘ ਮੇਰੇ ਘਰ ਆਏ। ਬੜੇ ਪ੍ਰੇਸ਼ਾਨ ਸਨ। ਕਹਿੰਦੇ, "ਤੈਨੂੰ ਪਤਾ ਹੈ, ਰਾਮ ਸਿੰਘ ਛੁੱਟੀ ਆਇਆ ਹੈ। ਉਹ ਪੁਲਸ ਇੰਸਪੈਕਟਰ ਕੀ ਬਣ ਗਿਆ, ਉਹ ਜਿਵੇਂ ਪਾਗਲਾਂ ਵਰਗੀਆਂ ਹਰਕਤਾਂ ਕਰਦਾ ਹੈ। ਸਾਰਾ ਘਰ ਉਸ ਨੇ ਸਿਰ ਉੱਤੇ ਚੁੱਕਿਆ ਹੋਇਆ ਹੈ। ਕਮਰਾ ਬੰਦ ਕਰ ਲੈਂਦਾ ਅਤੇ ਘੰਟਿਆਂ-ਬੱਧੀ ਗਾਲ੍ਹਾਂ ਕੱਢਦਾ ਰਹਿੰਦਾ ਹੈ। ਇੱਕ ਦਿਨ ਮੈਂ ਖਿੜਕੀ ਵਿਚਲੇ ਸੁਰਾਖ ਵਿੱਚੋਂ ਦੇਖਿਆ ਕਿ ਸਾਡੇ ਬਾਪ-ਦਾਦੇ ਦੀਆਂ ਫੋਟੋ ਉਸ ਨੇ ਕੰਧ ਉੱਤੇ ਟੰਗੀਆਂ ਹੋਈਆਂ ਸਨ ਅਤੇ ਉਨ੍ਹਾਂ ਨੂੰ ਗਾਲ੍ਹਾਂ ਕੱਢ ਰਿਹਾ ਸੀ। ਇੱਕ ਦਿਨ ਮੈਂ ਮੁੰਨੇ ਨੂੰ ਪੜ੍ਹਨ ਲਈ ਬਿਠਾ ਕੇ ਕਿਤੇ ਬਾਹਰ ਚਲਾ ਗਿਆ। ਜਦੋਂ ਘਰ ਆਇਆ ਤਾਂ ਮੇਰੀ ਬੇਟੀ ਬੋਲੀ, 'ਕੀ ਰਾਮ ਸਿੰਘ ਚਾਚੇ ਦਾ ਦਿਮਾਗ ਘੁੰਮ ਗਿਆ ਹੈ? ਤੁਹਾਡੇ ਜਾਣ ਮਗਰੋਂ ਮੁੰਨਾ ਉਠ ਕੇ ਖੇਡਣ ਚਲਾ ਗਿਆ। ਮੁੜਿਆ ਤਾਂ ਚਾਚੇ ਨੇ ਪਤਾ ਉਸ ਨੂੰ ਕੀ ਕਿਹਾ? ਕਹਿੰਦਾ, 'ਓਏ ਮੁੰਨੇ ਰੁਪਈਆ ਕੱਢ, ਨਹੀਂ ਤਾਂ ਵੱਡੇ ਵੀਰੇ ਨੂੰ ਰਿਪੋਰਟ ਕਰ ਕੇ ਤੇਰੇ ਮਾਰ ਪੁਆਵਾਂਗਾ। ਅਸੀਂ ਹਾਸੇ ਹਾਸੇ ਵਿੱਚ ਰੁਪਈਆ ਚਾਚੇ ਨੂੰ ਦੇ ਦਿੱਤਾ। ਚਾਚੇ ਨੇ ਫੜ ਕੇ ਜੇਬ ਵਿੱਚ ਪਾ ਲਿਆ।' ਅਜੀਬ ਹਰਕਤਾਂ ਕਰਦਾ ਹੈ। ਬੱਚਿਆਂ ਤੋਂ ਪਾਣੀ ਮੰਗਦਾ ਹੈ। ਭੋਰਾ ਦੇਰ ਹੋ ਜਾਵੇ ਤਾਂ ਚੀਕਾਂ ਮਾਰਦਾ ਹੈ। ਕਹਿੰਦਾ; ਛੇਤੀ ਪਾਣੀ ਲੈ ਆ। ਕੀ ਸਮਝਦੈਂ ਤੂੰ? ਸੱਤ ਸਾਲ ਲਈ ਅੰਦਰ ਭੇਜ ਦਿਆਂਗਾ। ਮੇਰਾ ਨੱਕ ਵਿੱਚ ਦਮ ਕਰ ਰੱਖਿਆ ਉਸ ਨੇ। ਦੱਸ ਕੀ ਕਰਾਂ?"

ਮੈਂ ਗੱਲ ਹਾਸੇ ਵਿੱਚ ਟਾਲਦਾ ਆਖ ਦਿੰਦਾਂ, "ਅੱਗੇ ਜਾ ਕਾ ਸਮਝ ਪਵੇਗੀ, ਅਜੇ ਨਾ ਬੋਲੋ।"

ਰਾਮ ਸਿੰਘ ਨੂੰ ਮੈਂ ਬਚਪਨ ਤੋਂ ਜਾਣਦਾ ਹਾਂ। ਬੜਾ ਸਾਊ, ਇਮਾਨਦਾਰ ਅਤੇ ਨਿਮਰਤਾ ਵਾਲਾ ਮੁੰਡਾ ਸੀ। ਦੂਜੇ ਦਿਨ ਮੈਂ ਉਸ ਨੂੰ ਮਿਲਿਆ। ਪੁੱਛਿਆ, "ਇਹ ਮਾਮਲਾ ਕੀ ਹੈ?"

ਉਹ ਬੋਲਿਆ, "ਲੱਗਦਾ ਵੱਡੇ ਭਾਈ ਸਾਬ੍ਹ ਨੇ ਤੁਹਾਡੇ ਕੋਲ ਮੇਰੀ ਸ਼ਿਕਾਇਤ ਲਾ ਦਿੱਤੀ ਹੈ। ਮੈਨੂੰ ਕੋਈ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ। ਮੈਂ ਕਹਿੰਨਾ, ਇੱਕ ਮਹੀਨਾ ਮੈਨੂੰ ਕੋਈ ਕੁਝ ਨਾ ਕਹੇ। ਮੇਰਾ ਦਿਮਾਗ ਪੂਰਾ ਦਰੁਸਤ ਹੈ। ਮੈਂ ਪਾਗਲ ਨਹੀਂ ਹਾਂ।"

ਮੈਂ ਪੁੱਛਿਆ, "ਫੇਰ ਤੂੰ ਐਸੀਆਂ ਹਰਕਤਾਂ ਕਿਉਂ ਕਰਦਾ ਏਂ?"

ਉਸ ਨੇ ਜਿਹੜੀ ਕਹਾਣੀ ਮੈਨੂੰ ਸੁਣਾਈ, ਲਓ ਉਸੇ ਦੇ ਸ਼ਬਦਾਂ ਵਿੱਚ ਤੁਸੀਂ ਵੀ ਸੁਣ ਲਓ:

ਭਾਈ ਸਾਬ੍ਹ ਮੈਂ ਨਵਾਂ ਨਵਾਂ ਇੰਸਪੈਕਟਰ ਬਣਿਆ ਸੀ। ਮੇਰੇ ਮਨ ਵਿੱਚ ਬੜੇ ਉੱਚੇ ਆਦਰਸ਼ ਅਤੇ ਸੇਵਾ ਭਾਵਨਾ ਸੀ। ਇੱਕ ਦਿਨ ਗੁਆਂਢੀ ਪਿੰਡ ਤੋਂ ਇਕ ਮੁੰਡਾ ਥਾਣੇ ਆਇਆ ਅਤੇ ਰਿਪੋਰਟ ਕੀਤੀ ਕਿ ਸਾਡੇ ਘਰ ਚੋਰੀ ਹੋ ਗਈ। ਮੈਂ ਤੁਰੰਤ ਜਾਂਚ ਕਰਨ ਉਨ੍ਹਾਂ ਦੇ ਘਰ ਪਹੁੰਚ ਗਿਆ। ਵਿਹੜੇ ਵਿੱਚ ਇਕ ਬਜ਼ੁਰਗ ਨੀਵੀਂ ਪਾਈ ਬੈਠਾ ਸੀ। ਮੈਨੂੰ ਦੇਖ ਕੇ ਉਹ ਉਠ ਬੈਠਾ ਅਤੇ ਘਬਰਾਹਟ ਵਿੱਚ ਬੋਲਿਆ, 'ਆਓ ਬੈਠੋ ਸਾਬ੍ਹ!' ਮੈਂ ਮੰਜੀ ਉੱਤੇ ਬੈਠ ਕੇ ਪੁੱਛਗਿੱਛ ਕਰਨ ਲੱਗਾ। 'ਬਾਬਾ ਥੋਡੇ ਹੀ ਘਰ ਚੋਰੀ ਹੋਈ ਹੈ?' ਉਹ ਚੁੱਪ ਖੜ੍ਹਾ ਰਿਹਾ। ਉਸ ਨੇ ਕਿਹਾ, 'ਜਨਾਬ, ਤੁਸੀਂ ਮੈਨੂੰ ਪੁੱਛ ਰਹੇ ਹੋ?'

ਮੈਂ ਕਿਹਾ, "ਹਾਂ ਬਾਬਾ, ਮੈਂ ਤੁਹਾਥੋਂ ਹੀ ਪੁੱਛ ਰਿਹਾ ਹਾਂ।"

ਬਜ਼ੁਰਗ ਬੋਲਿਆ, "ਮੇਰਾ ਨਾਂਅ ਤਾਂ 'ਓਏ ਸਾਲੇ ਬੁੱਢੇ' ਹੈ। ਬਾਬਾ ਨਹੀਂ ਹਾਂ। ਬਾਬਾ ਨਹੀਂ ਹਾਂ ਮੈਂ।"

ਮੈਨੂੰ ਬਜ਼ੁਰਗ ਦੀ ਗੱਲ ਪੱਲੇ ਨਹੀਂ ਪਈ। ਮੈਂ ਜਲਦਬਾਜ਼ੀ ਵਿੱਚ ਉਸ ਨੂੰ ਪੁੱਛਿਆ, "ਦੱਸੋ ਚੋਰੀ ਕਦੋਂ ਹੋਈ?"

ਬੁੱਢਾ ਫਿਰ ਚੁੱਪ। ਮੈਂ ਫਿਰ ਪੁੱਛਿਆ ਤਾਂ ਉਹ ਹੱਥ ਜੋੜ ਕੇ ਬੋਲਿਆ, "ਹਜ਼ੂਰ! ਗਲਤੀ ਸਾਡੇ ਕੋਲੋਂ ਹੋ ਗਈ। ਮੁੰਡਾ ਨਾਦਾਨ ਹੈ। ਮੈਂ ਬਾਹਰ ਗਿਆ ਸੀ। ਮੈਂ ਹੁੰਦਾ ਤਾਂ ਰਿਪੋਰਟ ਨਾ ਕਰਦਾ। ਨਾ ਤੁਹਾਨੂੰ ਆਉਣ ਦੀ ਤਕਲੀਫ ਉਠਾਉਣੀ ਪੈਂਦੀ। ਮੁੰਡੇ ਦੀ ਗਲਤੀ ਲਈ ਉਸ ਨੂੰ ਮੁਆਫ ਕਰ ਦਿਓ।"

ਮੈਂ ਅਚੰਭੇ ਵਿੱਚ ਪੈ ਗਿਆ ਕਿ ਆਖਰ ਇਹ ਕਹਿ ਕੀ ਰਿਹਾ ਸੀ? ਮੈਂ ਕਿਹਾ, "ਤੁਸੀਂ ਬੜੀ ਅਜੀਬ ਗੱਲ ਕਰਦੇ ਹੋ। ਚੋਰੀ ਦੀ ਰਿਪੋਰਟ ਤਾਂ ਕਰਨੀ ਹੀ ਚਾਹੀਦੀ ਹੈ। ਅਸੀਂ ਕਾਹਦੇ ਲਈ ਹਾਂ? ਸਾਡਾ ਫਰਜ਼ ਬਣਦਾ ਹੈ ਕਿ ਚੋਰੀ ਦਾ ਪਤਾ ਕਰੀਏ ਤੇ ਤੁਹਾਡਾ ਮਾਲ ਵਾਪਸ ਮਿਲ ਜਾਵੇ। ਮੈਨੂੰ ਦੱਸੋ ਚੋਰੀ ਕਦੋਂ ਹੋਈ ਅਤੇ ਕਿਹੜੀ ਕਿਹੜੀ ਚੀਜ਼ ਚੋਰੀ ਹੋਈ ਹੈ?"

ਬਜ਼ੁਰਗ ਫਿਰ ਮੌਨ ਹੋ ਗਿਆ। ਹੋਰ ਲੋਕਾਂ ਵੱਲ ਉਹ ਬੜੀ ਅਰਥ ਭਰੀ ਨਜ਼ਰ ਨਾਲ ਦੇਖਦਾ ਰਿਹਾ। ਇੰਨੇ ਨੂੰ ਉਸ ਦਾ ਲੜਕਾ ਦੁੱਧ ਦਾ ਗਿਲਾਸ ਲੈ ਆਇਆ ਤੇ ਮੇਰੇ ਵੱਲ ਕਰਨ ਲੱਗਾ। ਮੈਂ ਗਿਲਾਸ ਲੈਣ ਤੋਂ ਮਨ੍ਹਾਂ ਕਰ ਦਿੱਤਾ ਤੇ ਬਜ਼ੁਰਗ ਬੋਲਿਆ, "ਲੈ ਲਓ ਸਾਬ੍ਹ।"

ਮੈਂ ਕਿਹਾ, "ਨਹੀਂ, ਮੈਂ ਆਪਣੀ ਡਿਊਟੀ ਕਰ ਰਿਹਾ ਹਾਂ। ਇਸ ਸਮੇਂ ਤੁਹਾਡੀ ਕੋਈ ਚੀਜ਼ ਨਹੀਂ ਲਵਾਂਗਾ। ਸੁਪਾਰੀ ਦਾ ਟੁਕੜਾ ਵੀ ਨਹੀਂ।" ਮੈਂ ਦੇਖਿਆ ਕਿ ਉਥੇ ਖੜ੍ਹੇ ਲੋਕਾਂ ਨੇ ਅੱਖਾਂ ਅੱਖਾਂ ਵਿੱਚ ਦੀ ਭੇਤ ਭਰੇ ਇਸ਼ਾਰੇ ਕੀਤੇ। ਮੇਰੀ ਕਹੀ ਹਰ ਗੱਲ ਉੱਤੇ ਲੋਕ ਝੁਭਕ ਪੈਂਦੇ ਅਤੇ ਘੁਸਰ ਮੁਸਰ ਕਰਨ ਲੱਗਦੇ ਸਨ। ਮੈਂ ਬਜ਼ੁਰਗ ਨੂੰ ਕਿਹਾ, 'ਬਾਬਾ, ਤੂੰ ਮੰਜੀ ਉੱਤੇ ਬੈਠ ਜਾ, ਸਿਆਣਾ ਆਦਮੀ ਏਂ।' ਬਜ਼ੁਰਗ ਡਰ ਕੇ ਦੋ ਕਦਮ ਪਿਛਾਂਹ ਹਟ ਗਿਆ। ਉਸ ਨੇ ਆਸਪਾਸ ਖੜੇ ਲੋਕਾਂ ਦੇ ਕੰਨ ਵਿੱਚ ਕੁਝ ਕਿਹਾ। ਮੈਂ ਪ੍ਰੇਸ਼ਾਨ ਸੀ ਕਿ ਲੋਕ ਇੰਨੇ ਹੱਕੇ ਬੱਕੇ ਕਿਉਂ ਖੜ੍ਹੇ ਹਨ? ਗੱਲਾਂ ਦਾ ਜਵਾਬ ਨਹੀਂ ਦੇ ਰਹੇ। ਇੱਕ ਦੂਜੇ ਦੇ ਕੰਨ ਵਿੱਚ ਘੁਸਰ ਮੁਸਰ ਕਰੀ ਜਾਂਦੇ ਹਨ। ਬਜ਼ੁਰਗ ਨੇ ਜੇਬ੍ਹ ਵਿੱਚੋਂ ਕੁਝ ਨੋਟ ਕੱਢੇ ਅਤੇ ਮੇਰੀ ਤਰਫ ਵਧਾ ਕੇ ਕਿਹਾ, 'ਜਨਾਬ, ਗਲਤੀ ਸਾਥੋਂ ਜ਼ਰੂਰ ਹੋਈ ਹੈ। ਪਰ ਮੁੰਡਾ ਨਾਦਾਨ ਹੈ। ਮੈਂ ਹੁੰਦਾ ਤਾਂ ਕਦੇ ਰਿਪੋਰਟ ਨਾ ਹੋਈ ਹੁੰਦੀ। ਮੈਨੂੰ ਪਤਾ ਹੈ ਤੁਹਾਡੇ ਸਮੇਂ ਦਾ ਹਰਜ ਹੁੰਦਾ ਹੈ। ਇਹ ਵੀ ਪਤਾ ਹੈ ਇਸ ਦਾ ਹਰਜਾਨਾ ਭਰਨਾ ਪੈਂਦਾ ਹੈ। ਇਹ ਪੰਜਾਹ ਰੁਪਏ ਰੱਖ ਲਓ ਤੇ ਇਸ ਮੁੰਡੇ ਨੂੰ ਮੁਆਫ ਕਰ ਦਿਓ। ਮੁੜ ਕੇ ਐਸੀ ਗਲਤੀ ਨਹੀਂ ਹੋਵੇਗੀ।"

ਮੈਂ ਥੋੜ੍ਹੀ ਦੇਰ ਸੁੰਨ ਹੋ ਗਿਆ। ਫਿਰ ਕਿਹਾ, "ਦੇਖੋ ਮੈਨੂੰ ਤੁਹਾਡੀਆਂ ਗੱਲਾਂ ਸਮਝ ਨਹੀਂ ਆ ਰਹੀਆਂ। ਮੈਂ ਰੁਪਏ ਕਿਉਂ ਲਵਾਂ? ਮੈਨੂੰ ਕੰਮ ਕਰਨ ਦੀ ਤਨਖ਼ਾਹ ਮਿਲਦੀ ਹੈ। ਇੱਕ ਵੀ ਅਜਿਹਾ ਪੈਸਾ ਲੈਣਾ ਮੈਂ ਗੁਨਾਹ ਸਮਝਦਾ ਹਾਂ।"

ਮੇਰੀ ਕਹੀ ਗੱਲ ਦਾ ਉਨ੍ਹਾਂ ਉੱਤੇ ਅਨੋਖਾ ਅਸਰ ਹੋਇਆ। ਬਜ਼ੁਰਗ ਸਖ਼ਤ ਹੋ ਗਿਆ। ਉਸ ਨੇ ਆਸੇ-ਪਾਸੇ ਖੜ੍ਹੇ ਲੋਕਾਂ ਨੂੰ ਕਿਹਾ, "ਹੁਣ ਵੀ ਤੁਹਾਨੂੰ ਕੋਈ ਸ਼ੱਕ ਹੈ?"

ਉਹ ਬੋਲੇ, "ਨਹੀਂ।"

ਬੁੱਢੇ ਨੇ ਹੁਕਮ ਦਿੱਤਾ, "ਫੇਰ ਦੇਖਦੇ ਕੀ ਹੋ?" ਇਸ ਤੋਂ ਪਹਿਲਾਂ ਕਿ ਮੈਨੂੰ ਕੁਝ ਸਮਝ ਪੈਂਦਾ, ਉਨ੍ਹਾਂ ਨੇ ਮੇਰੇ ਹੱਥ ਪੈਰ ਰੱਸੇ ਨਾਲ ਬੰਨ੍ਹ ਦਿੱਤੇ। ਬੁੱਢੇ ਨੇ ਇੱਕ ਆਦਮੀ ਨੂੰ ਕਿਹਾ, "ਜਾ ਸ਼ਹਿਰ ਜਾ ਕੇ ਇੰਸਪੈਕਟਰ ਸਾਬ੍ਹ ਨੂੰ ਕਹਿਣਾ ਕਿ ਕੋਈ ਚੋਰ ਲਫੰਗਾ ਪੁਲਸ ਦੀ ਵਰਦੀ ਪਾ ਕੇ ਇੱਥੇ ਆਇਆ ਸੀ। ਅਸੀਂ ਉਹ ਪਕੜ ਕੇ ਬੰਨ੍ਹ ਲਿਆ ਹੈ।"

ਮੈਂ ਚੀਕਿਆ, "ਮੈਂ ਚੋਰ ਲਫੰਗਾ ਜਾਂ ਡਾਕੂ ਨਹੀਂ। ਮੈਂ ਪੁਲਸ ਇੰਸਪੈਕਟਰ ਹਾਂ।"

ਬਜ਼ੁਰਗ ਬੋਲਿਆ, "ਤੂੰ ਪੁਲਸ ਇੰਸਪੈਕਟਰ ਨਹੀਂ। ਤੂੰ ਵਰਦੀ ਕਿਤੋਂ ਚੋਰੀ ਕੀਤੀ ਹੈ। ਵਰਦੀ ਪਾ ਕੇ ਆ ਗਿਆ ਠੱਗੀ ਮਾਰਨ। ਤੂੰ ਮੈਨੂੰ ਧੋਖਾ ਨਹੀਂ ਦੇ ਸਕਦਾ। ਮੈਂ ਕਿਤੇ ਪੁਲਸ ਵਾਲੇ ਦੇਖੇ ਨਹੀਂ? ਪੁਲਸ ਵਾਲਿਆਂ ਨੂੰ ਦੇਖਦਾ ਦੇਖਦਾ ਬੁੱਢਾ ਹੋਇਆ ਹਾਂ। ਜਿੰਦਾਂ ਦੀਆਂ ਤੂੰ ਗੱਲਾਂ ਕਰਦਾਂ, ਐਦਾਂ ਪੁਲਸ ਵਾਲੇ ਨਹੀਂ ਕਰਦੇ। ਜ਼ਰੂਰ ਤੂੰ ਕੋਈ ਠੱਗ ਏਂ।"

ਮੈਂ ਪੁੱਛਿਆ, "ਤੁਹਾਨੂੰ ਮੇਰੇ ਉੱਤੇ ਸ਼ੱਕ ਕਿਉਂ ਹੋ ਰਿਹਾ ਹੈ?"

ਬੁੱਢਾ ਬੋਲਿਆ, "ਤੇਰੇ ਵਿੱਚ ਸੱਚੇ ਪੁਲਸ ਅਫਸਰ ਵਾਲਾ ਇੱਕ ਵੀ ਲੱਛਣ ਨਹੀਂ। ਪੁਲਸ ਅਫਸਰਾਂ ਨੂੰ ਵਿੰਹਦਿਆਂ ਮੇਰੀ ਉਮਰ ਲੰਘ ਗਈ, ਕਿਸੇ ਨੇ ਮੈਨੂੰ 'ਕਿਓਂ ਓਏ ਬੁੱਢਿਆ' ਤੋਂ ਇਲਾਵਾ ਕੁਝ ਨਹੀਂ ਕਿਹਾ। ਮੈਨੂੰ ਤਾਂ ਉਸੇ ਵੇਲੇ ਸ਼ੱਕ ਪੈ ਗਿਆ ਸੀ, ਜਦੋਂ ਤੂੰ ਮੈਨੂੰ ਸਤਿਕਾਰ ਨਾਲ ਬਾਬਾ ਕਿਹਾ ਸੀ। ਫੇਰ ਤੂੰ ਦੁੱਧ ਪੀਣ ਤੋਂ ਮਨ੍ਹਾ ਕਰ ਦਿੱਤਾ। ਐਦਾਂ ਕੋਈ ਅਫਸਰ ਨਹੀਂ ਕਰਦਾ। ਫੇਰ ਤੂੰ ਪੈਸੇ ਨਹੀਂ ਲਏ। ਐਦਾਂ ਕੋਈ ਅਫਸਰ ਕਰਦਾ ਭਲਾ? ਅਸੀਂ ਡਰਦੇ ਚੋਰੀ ਦੀ ਰਿਪੋਰਟ ਨਹੀਂ ਕਰਦੇ ਕਿ ਪੁਲਸ ਵਾਲੇ ਆ ਕੇ ਤੰਗ ਕਰਨਗੇ, ਜੁਰਮਾਨਾ ਵਸੂਲ ਕੇ ਸਰਕਾਰ ਕੋਲ ਜਮ੍ਹਾਂ ਕਰਾ ਦੇਣਗੇ। ਤੂੰ ਕਹਿੰਨਾ ਮੈਂ ਇੱਕ ਪੈਸਾ ਨਹੀਂ ਲੈਣਾ। ਚੋਰੀ ਦਾ ਪਤਾ ਲਾਵਾਂਗਾ। ਐਸਾ ਅਫਸਰ ਮੈਂ ਅੱਜ ਤੀਕ ਨਹੀਂ ਦੇਖਿਆ। ਤੂੰ ਤਾ ਕੋਈ ਨਾਟਕ ਕਰਨ ਆਇਆਂ ਤੇ ਫੜਿਆ ਗਿਆ। ਸੱਚੇ ਪੁਲਸ ਅਫਸਰ ਆਉਣਗੇ ਅਤੇ ਤੈਨੂੰ ਦਸ ਸਾਲ ਜੇਲ੍ਹ ਵਿੱਚ ਸੁੱਟੀ ਰੱਖਣਗੇ।"

ਭਾਈ ਸਾਬ੍ਹ ਮੈਨੂੰ ਸ਼ਾਮ ਤੱਕ ਉਨ੍ਹਾਂ ਨੇ ਉਥੇ ਹੀ ਬੰਨ੍ਹੀ ਰੱਖਿਆ। ਆਥਣ ਵੇਲੇ ਇੱਕ ਸਾਥੀ ਇੰਸਪੈਕਟਰ ਆਇਆ। ਉਸ ਨੇ ਆਉਂਦੇ ਸਾਰ ਬੁੱਢੇ ਨੂੰ ਮੋਟੀਆਂ-ਮੋਟੀਆਂ ਗਾਲ੍ਹਾਂ ਕੱਢੀਆਂ। ਕਹਿੰਦਾ, "ਓਏ ਬੁੱਢੇ ਦੇ ਬੱਚਿਆ, ਇਸ ਨੂੰ ਕਿਉਂ ਬੰਨ੍ਹ ਕੇ ਰੱਖਿਐ?"

ਗਾਲ੍ਹਾਂ ਸੁਣ ਕੇ ਬੁੱਢਾ ਖੁਸ਼ ਹੋ ਗਿਆ। ਬੋਲਿਆ, "ਜਨਾਬ ਇਹੀ ਤਾਂ ਅਸੀਂ ਇਸ ਠੱਗ ਨੂੰ ਕਹਿੰਦੇ ਸੀ। ਦੇਖ ਲਿਆ ਇਹ ਹੁੰਦੇ ਨੇ ਪੁਲਸ ਅਫਸਰ, ਜਿਵੇਂ ਦੇ ਇਹ ਸਾਬ੍ਹ ਨੇ। ਇੱਕ ਤੂੰ ਏਂ ਜਿਹੜਾ ਬਾਬਾ ਬਾਬਾ ਕਹੀ ਜਾਂਦਾ ਸੀ।"

ਰਾਮ ਸਿੰਘ ਨੇ ਕਿਹਾ, "ਇਸ ਦੁਰਦਸ਼ਾ ਪਿੱਛੋਂ ਮੈਂ ਸੋਚਿਆ ਕਿ ਮੇਰੀ ਟਰੇਨਿੰਗ ਅਧੂਰੀ ਰਹਿ ਗਈ। ਲੋਕ ਮੈਨੂੰ ਠੱਗ ਸਮਝ ਲੈਂਦੇ ਹਨ। ਮੈਂ ਇੱਕ ਮਹੀਨੇ ਦੀ ਛੁੱਟੀ ਲਈ ਤੇ ਘਰ ਆ ਗਿਆ। ਟਰੇਨਿੰਗ ਪੂਰੀ ਕਰਨ।"

ਮੈਂ ਕਿਹਾ, "ਰਾਮ ਸਿੰਘ ਇਹ ਤੁਹਾਡੀ ਬਦਕਿਸਮਤੀ ਹੈ ਕਿ ਤੇਰੇ ਤੇ ਮੇਰੇ ਦੋਵਾਂ ਦੇ ਪਿਤਾ ਇਸ ਜਹਾਨੋਂ ਕੂਚ ਕਰ ਗਏ। ਉਹ ਜਿਉਂਦੇ ਹੁੰਦੇ ਤਾਂ ਤੈਨੂੰ ਤਿੰਨ ਚਾਰ ਦਿਨਾਂ ਵਿੱਚ ਨਿਪੁੰਨ ਬਣਾ ਦਿੰਦੇ। ਕੋਈ ਨਹੀਂ ਮੈਂ ਅਜੇ ਹੈਗਾਂ। ਤੂੰ ਰੋਜ਼ ਮੇਰੇ ਉੱਤੇ ਪ੍ਰੈਕਟਿਸ ਕਰਿਆ ਕਰ। ਇਸ ਨਾਲ ਮੈਨੂੰ ਖੁਸ਼ੀ ਹੋਵੇਗੀ ਕਿ ਮੈਂ ਤੇਰੇ ਕਿਸੇ ਕੰਮ ਆ ਸਕਿਆ।"

ਉਦੋਂ ਤੋਂ ਰਾਮ ਸਿੰਘ ਰੋਜ਼ ਮੈਨੂੰ ਗਾਲ੍ਹਾਂ ਕੱਢਦਾ ਹੈ ਅਤੇ ਮੈਂ ਬੱਸ ਹੱਸਦਾ ਰਹਿੰਦਾ ਹਾਂ।

## ਪ੍ਰਸ਼ਾਂਤ ਕਿਸ਼ੋਰ ਦੀ ਮੁੜ ਐਂਟਰੀ ਨਾਲ ਕਾਂਗਰਸ ਵਿੱਚ ਹਲਚਲ ਮੱਚੀ

*** ਸੀਨੀਅਰ ਆਗੂਆਂ ਦੀਆਂ ਨਜ਼ਰਾਂ ਹਾਈ ਕਮਾਂਡ ਉੱਤੇ ਟਿਕੀਆਂ**

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਸਿਆਸੀ ਰਣਨੀਤੀਕਾਰ ਪ੍ਰਸਾਂਤ ਕਿਸ਼ੋਰ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣਾ ਮੁੱਖ ਸਲਾਹਕਾਰ ਬਣਾ ਕੇ ਕੈਬਨਿਟ ਰੈਂਕ ਦੇਣ ਦੇ ਫੈਸਲੇ ਨਾਲ ਕਾਂਗਰਸ ਵਿੱਚ ਝਗੜੇ ਦੀ ਨੀਂਹ ਬੱਝਣੀ ਸ਼ੁਰੂ ਹੋ ਗਈ ਹੈ। ਕਾਂਗਰਸ ਦੇ ਸੀਨੀਅਰ ਆਗੂ ਉਡੀਕ ਕਰ ਰਹੇ ਹਨ ਕਿ ਪਾਰਟੀ ਹਾਈ ਕਮਾਂਡ ਦਾ ਰੁਖ਼ ਕਿਸ ਤਰ੍ਹਾਂ ਰਹਿੰਦਾ ਹੈ, ਕਿਉਂਕਿ 2017 ਵਿੱਚ ਭਾਵੇਂ ਪ੍ਰਸ਼ਾਂਤ ਕਿਸ਼ੋਰ ਨੇ ਕੈਪਟਨ ਨੂੰ ਬ੍ਰਾਂਡ ਦੇ ਰੂਪ ਵਿੱਚ ਉਭਾਰਿਆ ਸੀ, ਪਰ ਇਸ ਵਿੱਚ ਕਾਂਗਰਸ ਪਾਰਟੀ ਨਹੀਂ ਦਿੱਸਦੀ ਸੀ, ਜਿਸ ਤੋਂ ਪਾਰਟੀ ਦੇ ਕਈ ਆਗੂ ਨਾਰਾਜ਼ ਸਨ।

ਕਾਂਗਰਸ ਪਾਰਟੀ ਦੀਆਂ ਵਿਰੋਧੀ ਪਾਰਟੀਆਂ ਨੇ ਭਾਵੇਂ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ, ਪਰ ਉਨ੍ਹਾਂ ਨੂੰ ਪਤਾ ਹੈ ਕਿ ਪ੍ਰਸ਼ਾਂਤ ਕਿਸ਼ੋਰ (ਪੀ ਕੇ) ਹਮੇਸ਼ਾ ਹੀ ਵਿਅਕਤੀ ਵਿਸ਼ੇਸ਼ ਨੂੰ ਬ੍ਰਾਂਡ ਵਜੋਂ ਉਭਾਰਦੇ ਹਨ। 2014 ਵਿੱਚ ਨਰਿੰਦਰ ਮੋਦੀ ਜਾਂ 2017 ਵਿੱਚ ਕੈਪਟਨ ਅਮਰਿੰਦਰ ਸਿੰਘ ਜਾਂ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ, ਇਨ੍ਹਾਂ ਸਾਰਿਆਂ ਨੂੰ ਪੀ ਕੇ ਨੇ ਬ੍ਰਾਂਡ ਬਣਾ ਕੇ ਪੇਸ਼ ਕੀਤਾ ਸੀ ਅਤੇ ਉਸ ਦੀ ਰਣਨੀਤੀ ਦਾ ਸਭ ਤੋਂ ਵੱਡਾ ਹਿੱਸਾ 'ਵਨ ਟੂ ਵਨ' ਚੋਣ ਕਰਨ ਵਾਲਾ ਹੁੰਦਾ ਹੈ। ਸਾਲ 2017 ਵਿੱਚ ਪੀ ਕੇ ਨੇ ਕੈਪਟਨ ਨੂੰ ਇੱਕ ਮਾਡਰਨਾਈਜ਼ਡਅਤੇ ਮਾਹਰ ਪ੍ਰਸ਼ਾਸਕ ਵਜੋਂ ਪੇਸ਼ ਕਰ ਕੇ ਸਾਹਮਣੇ ਵਾਲੀ ਸੀਟ ਨੂੰ ਲਗਭਗ ਖਾਲੀ ਛੱਡ ਦਿੱਤਾ ਸੀ, ਜਿਸ ਕਾਰਨ ਉਨ੍ਹਾਂ ਨੇ ਅੱਗੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੂਰੀ ਕੈਂਪੇਨ ਦੌਰਾਨ ਨੈਗਿਟਿਵ ਪੱਖ ਤੋਂ ਪੇਸ਼ ਕੀਤਾ ਗਿਆ ਸੀ। ਇਸ ਦਾ ਨਤੀਜਾ ਵੀ ਚੰਗਾ ਰਿਹਾ। ਕਾਂਗਰਸ 77 ਸੀਟਾਂ ਜਿੱਤ ਕੇ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ ਸੀ।

ਭਾਰਤੀ ਜਨਤਾ ਪਾਰਟੀ ਦੀ ਰਣਨੀਤੀ ਵੀ ਅਜਿਹੀ ਹੀ ਹੈ ਕਿ ਉਹ ਜਿੱਥੇ ਵੀ ਚੋਣ ਲੜਦੀ ਹੈ, ਉਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹੀ ਚਿਹਰਾ ਬਣਾਉਂਦੀ ਹੈ। ਇਸ ਦੇ ਸਾਹਮਣੇ ਬਾਕੀ ਚਿਹਰੇ ਫਿੱਕੇ ਪੈ ਜਾਂਦੇ ਹਨ। ਪੀ ਕੇ ਦੀ ਰਣਨੀਤੀ ਵੀ ਇਹ ਹੀ ਹੈ। ਕੈਪਟਨ ਨੂੰ ਪਤਾ ਹੈ ਕਿ ਅੱਜ ਪੰਜਾਬ ਵਿੱਚ ਭਾਜਪਾ ਦੀ ਸਥਿਤੀ ਬਹੁਤੀ ਚੰਗੀ ਨਹੀਂ, ਪਰ 2022 ਤੱਕ ਬਹੁਤ ਕੁਝ ਬਦਲਿਆ ਜਾ ਸਕਦਾ ਹੈ। ਸਾਲ 2022 ਨੂੰ ਵੇਖਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਵੇਂ ਹੀ ਪੀ ਕੇ ਉੱਤੇ ਮੁੜ ਦਾਅ ਖੇਡਿਆ ਹੈ, ਪਰ ਇਸ ਵਾਰ ਸਥਿਤੀ ਉਸ ਤਰ੍ਹਾਂ ਦੀ ਨਹੀਂ ਰਹਿਣ ਵਾਲੀ, ਜਿਸ ਤਰ੍ਹਾਂ 2017 ਵਿੱਚ ਸੀ। ਉਸ ਸਮੇਂ ਕਾਂਗਰਸ ਨੂੰ 10 ਸਾਲ ਦਾ ਸੋਕਾ ਖਤਮ ਕਰਨਾ ਸੀ।

ਪ੍ਰਸ਼ਾਂਤ ਕਿਸ਼ੋਰ ਦੀ ਪੰਜਾਬ ਵਿੱਚ ਆਮਦ ਨਵਜੋਤ ਸਿੰਘ ਸਿੱਧੂ ਲਈ ਵੀ ਵਧੀਆ ਹੋ ਸਕਦੀ ਹੈ ਕਿਉਂਕਿ ਸਿੱਧੂ ਦੇ ਕਾਂਗਰਸ ਵਿੱਚ ਆਉਣ ਪਿੱਛੇ ਵੀ ਪੀ ਕੇ ਦਾ ਹੱਥ ਸੀ। ਨਵਜੋਤ ਸਿੰਘ ਸਿੱਧੂ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਅੜਿੱਕਾ ਟੁੱਟਣ ਦੇ ਬਾਵਜੂਦ ਕੈਬਨਿਟ ਮੰਤਰੀ ਸਿੱਧੂ ਹਾਲੇ ਤੱਕ ਵੀ ਕਾਂਗਰਸ ਤੇ ਸਰਕਾਰ ਦੋਵਾਂ ਤੋਂ ਦੂਰ ਹਨ। ਅਜਿਹੇ ਵਿੱਚ ਪ੍ਰਸ਼ਾਂਤ ਦੀ ਆਮਦ ਨਾਲ ਸਿੱਧੂ ਨੂੰ ਵੀ ਤਾਕਤ ਮਿਲ ਸਕਦੀ ਹੈ, ਕਿਉਂਕਿ ਕਾਂਗਰਸ ਦੇ ਸੂਬਾ ਇੰਚਾਰਜ ਹਰੀਸ਼ ਰਾਵਤ ਵੀ ਸਿੱਧੂ ਤੇ ਕੈਪਟਨ ਵਿਚਕਾਰ ਪੁਲ ਬਣਾਉਣ ਦਾ ਕੰਮ ਕਰ ਰਹੇ ਹਨ।

**ਨਵਜੋਤ ਸਿੱਧੂ ਵੱਲੋਂ ਨਵਾਂ ਹਮਲਾ**

## ਨਿੱਜੀ ਲੋਕਾਂ ਦੀ ਜੇਬ ਵਿੱਚ ਜਾ ਰਹੀ ਪੰਜਾਬ ਦੀ ਆਮਦਨ

ਚੰਡੀਗੜ੍ਹ, 3 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਹੈ ਕਿ ਪੰਜਾਬ ਦੀ ਸਾਰੀ ਆਮਦਨ ਇਸ ਦੇ ਇੱਕ ਫੀਸਦੀ ਨਿੱਜੀ ਲੋਕਾਂ ਦੀ ਜੇਬ ਵਿੱਚ ਜਾ ਰਹੀ ਹੈ। ਇਨ੍ਹਾਂ ਇੱਕ ਫੀਸਦੀ ਲੋਕਾਂ ਦੇ ਕਾਰਨ 99 ਫੀਸਦੀ ਲੋਕਾਂ ਨੂੰ ਮਾਰ ਝੱਲਣੀ ਪੈਂਦੀ ਹੈ।



ਨਵਜੋਤ ਸਿੰਘ ਸਿੱਧੂ ਨੇ ਸਿੱਧਾ ਕਿਸੇ ਵੀ ਧਿਰ ਵੱਲ ਉਂਗਲ ਨਹੀਂ ਉਠਾਈ, ਪਰ ਸਰਕਾਰੀ ਆਮਦਨ ਅਤੇ ਖਰਚ ਨੂੰ ਲੈ ਕੇ ਉਸ ਨੇ ਆਪਣੀ ਪਾਰਟੀ ਦੀ ਸਰਕਾਰ ਨੂੰ ਘੇਰਨ ਵਿੱਚ ਕਸਰ ਨਹੀਂ ਛੱਡੀ।ਸੋਸ਼ਲ ਮੀਡੀਆ ਉੱਤੇ ਇੱਕ ਵੀਡੀਓ ਸ਼ੇਅਰ ਕਰਦੇ ਹੋਏ ਨਵਜੋਤ ਸਿੱਧੂ ਨੇ ਕਿਹਾ ਕਿ ਇਸ ਸਾਲ ਪੰਜਾਬ ਉੱਤੇ 2.48 ਲੱਖ ਕਰੋੜ ਰੁਪਏ ਕਰਜ਼ਾ ਚੜ੍ਹ ਜਾਏਗਾ। ਸਰਕਾਰੀ ਸੰਸਥਾਵਾਂ ਦੇ ਕਰਜ਼ੇ ਵੀ ਮਿਲਾ ਲਿਆ ਜਾਏ ਤਾਂ ਇਹ 3.5 ਲੱਖ ਕਰੋੜ ਰੁਪਏ ਹੋ ਜਾਏਗਾ। ਉਨ੍ਹਾਂ ਨੇ ਕਿਹਾ ਕਿ ਅਜਿਹਾ ਨਹੀਂ ਹੈ ਕਿ ਸਰਕਾਰ ਨੂੰ ਮਾਲੀਆ ਨਹੀਂ ਆ ਰਿਹਾ, ਪਰ ਉਹ ਨਿੱਜੀ ਹੱਥਾਂ ਵਿੱਚ ਜਾ ਰਿਹਾ ਹੈ। ਸਿੱਧੂ ਨੇ ਕਿਹਾ ਕਿ ਪੰਜਾਬ ਦਾ ਆਪਣਾ ਟੈਕਸ 33,000 ਕਰੋੜ ਰੁਪਏ ਹੈ, ਤਾਮਿਲ ਨਾਡੂ ਦੀ ਐਕਸਾਈਜ਼ ਇਨਕਮ 32,000 ਕਰੋੜ ਰੁਪਏ ਹੈ। ਸ਼ਰਾਬ ਵੇਚਣੀ ਹੈ ਤਾਂ ਵੇਚੋ, ਪਰ ਨਿੱਜੀ ਹੱਥਾਂ ਵਿੱਚ ਉਹ ਪੈਸਾ ਕਿਉਂ ਜਾਏ, ਇਹ ਪੈਸਾ ਪੰਜਾਬ ਦੇ ਵਿਕਾਸ, ਸਿੱਖਿਆ ਅਤੇ ਸਿਹਤ ਉੱਤੇ ਲਾਇਆ ਜਾ ਸਕਦਾ ਹੈ।

ਟਰਾਂਸਪੋਰਟ ਸੈਕਟਰਬਾਰੇ ਬਾਦਲਾਂ ਉੱਤੇ ਹਮਲਾ ਬੋਲਦੇ ਹੋਏ ਨਵਜੋਤ ਸਿੱਧੂ ਨੇ ਕਿਹਾ ਕਿ ਦੋ ਬੱਸਾਂ ਤੋਂ ਡਬਵਾਲੀ ਟਰਾਂਸਪੋਰਟ 2000 ਬੱਸਾਂ ਵਿੱਚ ਬਦਲ ਗਈ ਹੈ, ਦੋ ਕੰਪਨੀਆਂ ਤੋਂ ਬਾਦਲਾਂ ਨੇ ਅੱਠ ਕੰਪਨੀਆਂ ਖੋਲ੍ਹ ਲਈਆਂ, ਪਰ ਪੀ ਆਰ ਟੀ ਸੀ (ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ) 500 ਕਰੋੜ ਰੁਪਏ ਦੇ ਘਾਟੇ ਵਿੱਚ ਹੈ। ਨਵਜੋਤ ਸਿੱਧੂ ਨੇ ਰੇਤ ਮਾਫੀਆ ਅਤੇ ਰੇਤ ਤੋਂ ਇਕੱਠੇ ਹੋਣ ਵਾਲੇ ਮਾਲੀਏ ਦਾ ਵੀ ਹਵਾਲਾ ਦਿੱਤਾ ਅਤੇ ਦਾਅਵਾ ਕੀਤਾ ਕਿ ਇਨ੍ਹਾਂ ਸਮੱਸਿਆਵਾਂ ਦਾ ਹੱਲ ਉਨ੍ਹਾਂ ਕੋਲ ਹੈ। ਸਿੱਧੂ ਨੇ ਬੇਸ਼ੱਕ ਕਿਸੇ ਦਾ ਨਾਂਅ ਨਾ ਲਿਆ ਹੋਵੇ, ਪਰ ਨਿੱਜੀ ਜੇਬਾਂ ਵਿੱਚ ਜਾ ਰਹੇ ਪੈਸੇ ਦਾ ਮੁੱਦਾ ਉਠਾ ਕੇ ਕਾਂਗਰਸੀ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਉਂਗਲੀ ਉਠਾ ਦਿੱਤੀ ਹੈ।

## ਤਨਖ਼ਾਹ ਨਾ ਮਿਲਣ ਤੋਂ ਪ੍ਰੇਸ਼ਾਨ ਯੂਨੀਵਰਸਿਟੀ ਮੁਲਾਜ਼ਮ ਵੱਲੋਂ ਤੇਜ਼ਾਬ ਪੀਣ ਨਾਲ ਮੌਤ

ਪਟਿਆਲਾ, 3 ਮਾਰਚ (ਪੋਸਟ ਬਿਊਰੋ)- ਪੰਜਾਬੀ ਯੂਨੀਵਰਸਿਟੀ ਵੱਲੋਂ ਦੋ ਮਹੀਨੇ ਦੀਆਂ ਤਨਖ਼ਾਹਾਂ ਨਾ ਮਿਲਣ ਕਰ ਕੇ ਪ੍ਰੇਸ਼ਾਨ ਇੱਕ ਮੁਲਾਜ਼ਮ ਵੱਲੋਂ ਤੇਜ਼ਾਬ ਪੀਣ ਕਾਰਨ ਉਸ ਦੀ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਗੁਰਪ੍ਰੀਤ ਸਿੰਘ (34) ਪਿੰਡ ਸ਼ੇਖਪੁਰ ਵਜੋਂ ਹੋਈ ਹੈ, ਜੋ ਪੰਜਾਬੀ ਯੂਨੀਵਰਸਿਟੀ ਵਿਖੇ ਮਾਲੀ ਵਜੋਂ ਕੰਮ ਕਰਦਾ ਸੀ। ਉਸ ਨੂੰ ਕੱਲ੍ਹ ਹਸਪਤਾਲ ਦਾਖਲ ਕਰਵਾਇਆ ਸੀ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।



ਇਸ ਬਾਰੇ ਏ ਐਸ ਆਈ ਸੰਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਭੁਪਿੰਦਰ ਕੌਰ ਦੇ ਦੱਸਣ ਅਨੁਸਾਰ ਉਸ ਦਾ ਪਤੀ ਲੰਮੇ ਸਮੇਂ ਤੋਂ ਪੰਜਾਬੀ ਯੂਨੀਵਰਸਿਟੀ ਵਿੱਚ ਪੱਕੇ ਤੌਰ ਉੱਤੇ ਮਾਲੀ ਦੀ ਨੌਕਰੀ ਕਰ ਰਿਹਾ ਸੀ ਅਤੇ ਘਰ ਦੀ ਸਾਰੀ ਜ਼ਿੰਮੇਵਾਰੀ ਉਸ ਦੇ ਮੋਢਿਆਂ ਉੱਤੇ ਸੀ। ਕਈ ਦਿਨਾਂ ਤੋਂ ਉਸ ਦੇ ਸਹੁਰੇ ਦੀ ਤਬੀਅਤ ਠੀਕ ਨਹੀਂ ਸੀ, ਜਿਸ ਦਾ ਇਲਾਜ ਵੀ ਨਿੱਜੀ ਹਸਪਤਾਲ ਵਿਖੇ ਚੱਲ ਰਿਹਾ ਸੀ।ਯੂਨੀਵਰਸਿਟੀ ਦੀ ਵਿੱਤੀ ਹਾਲਤ ਮਾੜੀ ਹੋਣ ਦੇ ਕਾਰਨ ਪਿਛਲੇ ਦੋ ਮਹੀਨਿਆਂ ਤੋਂ ਉਸ ਨੂੰ ਤਨਖ਼ਾਹ ਨਹੀਂ ਮਿਲੀ ਸੀ, ਜਿਸ ਕਾਰਨ ਘਰ ਦੇ ਆਰਥਿਕ ਹਾਲਾਤ ਕਾਫ਼ੀ ਖ਼ਰਾਬ ਹੋ ਗਏ ਸਨ। ਤਨਖ਼ਾਹ ਨਾ ਮਿਲਣ ਕਾਰਨ ਉਸ ਦਾ ਪਤੀ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਗਿਆ ਸੀ। ਕੱਲ੍ਹ ਦੁਪਹਿਰ ਬਾਅਦ ਜਦੋਂ ਉਹ ਘਰ ਆਇਆ ਤਾਂ ਉਸ ਨੇ ਦਵਾਈ ਦੀ ਥਾਂ ਗਲਤੀ ਨਾਲ ਤੇਜ਼ਾਬ ਪੀ ਲਿਆ, ਜਿਸ ਨਾਲ ਉਸਦੀ ਤਬੀਅਤ ਵਿਗੜ ਗਈ। ਉਸ ਨੂੰ ਨਿੱਜੀ ਹਸਪਤਾਲ ਭਰਤੀ ਕਰਵਾਇਆ, ਜਿੱਥੇ ਉਸ ਦੀ ਮੌਤ ਹੋ ਗਈ। ਉਹ ਆਪਣੀ ਪਤਨੀ,ਦੋ ਧੀਆਂ ਅਤੇ ਆਪਣੇ ਬਜ਼ੁਰਗ ਬੀਮਾਰ ਪਿਤਾ ਨੂੰ ਛੱਡ ਗਿਆ ਹੈ।

## ਸਾਬਕਾ ਅਕਾਲੀ ਸਰਪੰਚ ਸਣੇ 121 ਤਸਕਰ ਗ੍ਰਿਫਤਾਰ, 140 ਜਣੇ ਹੋਰ ਨਾਮਜ਼ਦ

ਜਲੰਧਰ, 3 ਮਾਰਚ (ਪੋਸਟ ਬਿਊਰੋ)- ਨਸ਼ੇ ਦੇ ਖਿਲਾਫ ਪੰਜਾਬ ਪੁਲਸ ਦੀ ਮੁਹਿੰਮ ਦੌਰਾਨ ਵੱਖ-ਵੱਖ ਜ਼ਿਲ੍ਹਿਆਂ ਵਿੱਚ 140 ਨਸ਼ਾ ਤਸਕਰਾਂ ਦੇ ਖਿਲਾਫ ਕੇਸ ਦਰਜ ਕਰ ਕੇ 121 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਤਰਨ ਤਾਰਨ ਜ਼ਿਲੇ ਵਿੱਚਪੁਲਸ ਨੇ ਵੱਖ-ਵੱਖ ਥਾਵਾਂ ਉੱਤੇ ਨਾਕਾਬੰਦੀ ਅਤੇ ਛਾਪੇਮਾਰੀ ਕਰ ਕੇ ਪਿੰਡ ਨਾਰਲਾ ਦੇ ਸਾਬਕਾ ਅਕਾਲੀ ਸਰਪੰਚ ਸਰਵਨ ਸਿੰਘ ਸਣੇ 13 ਨਸ਼ਾ ਤਸਕਰਾਂ ਨੂੰ ਫੜਿਆ ਤੇ 21 ਲੋਕਾਂ ਦੇ ਖਿਲਾਫ ਕੇਸ ਦਰਜ ਕੀਤੇ ਹਨ। ਗ੍ਰਿਫਤਾਰ ਦੋਸ਼ੀਆਂ ਕੋਲੋਂ 705 ਗਰਾਮ ਹੈਰੋਇਨ ਅਤੇ 619 ਨਸ਼ੇ ਦੀਆਂ ਗੋਲੀਆਂ ਮਿਲੀਆਂ ਸਨ। ਸਾਬਕਾ ਸਰਪੰਚ ਕੋਲੋਂ 255 ਗਰਾਮ ਹੈਰੋਇਨ ਮਿਲੀ ਸੀ। ਓਧਰ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪੁਲਸ ਨੇ 12 ਤਸਕਰਾਂ ਨੂੰ ਕੁੱਲ 952 ਗਰਾਮ ਹੈਰੋਇਨ ਨਾਲ ਫੜਿਆ ਅਤੇ ਇਨ੍ਹਾਂ ਵਿੱਚੋਂ ਇੱਕ ਤਸਕਰ ਕੋਲੋਂ 370 ਗਰਾਮ ਹੈਰੋਇਨ ਮਿਲੀ ਹੈ, ਜੋ ਸਰਹੱਦੀ ਪਿੰਡ ਦੇ ਕਿਸੇ ਤਸਕਰ ਤੋਂ ਹੈਰੋਇਨ ਲੈ ਕੇ ਗਿਰੋਹ ਦੇ ਨਾਲ ਸ਼ਹਿਰ ਵਿੱਚ ਸਪਲਾਈ ਕਰਦਾ ਸੀ। ਇਸ ਦੇ ਇਲਾਵਾ ਦੂਸਰੇ ਤਸਕਰ ਤੋਂ ਸੌ ਗਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਉਹ ਪਿਛਲੇ ਤਿੰਨ ਸਾਲ ਤੋਂ ਹੈਰੋਇਨ ਵੇਚ ਰਿਹਾ ਸੀ। ਹੋਰਨਾਂ ਦਸ ਦੋਸ਼ੀਆਂ ਨੂੰ ਕੁੱਲ 483 ਗਰਾਮ ਹੈਰੋਇਨ ਨਾਲ ਫੜਿਆ ਗਿਆ।



ਹੁਸ਼ਿਆਰਪੁਰ ਜ਼ਿਲੇ ਵਿੱਚ ਪੰਜ ਕੇਸ ਦਰਜ ਕਰ ਕੇ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਪੁਲਸ ਨੂੰ 45 ਗਰਾਮ ਨਸ਼ੀਲਾ ਪਾਊਡਰ, 49 ਗਰਾਮ ਹੈਰੋਇਨ ਅਤੇ 2000 ਲੀਟਰ ਲਾਹਣਮਿਲੀ ਹੈ। ਜ਼ਿਲਾ ਜਲੰਧਰ ਵਿੱਚ ਪੁਲਸ ਨੇ ਸੱਤ ਕਿਲੋ ਅਫੀਮ ਸਮੇਤ ਦੋ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ।ਇਕ ਦੋਸ਼ੀ ਝਾਰਖੰਡ ਦਾ ਵਸਨੀਕ ਹੈ ਅਤੇ ਉਥੋਂ ਅਫੀਮ ਲਿਆਉਂਦਾ ਸੀ। ਲੁਧਿਆਣੇਜ਼ਿਲੇ ਵਿੱਚ ਕੱਲ੍ਹ ਨਸ਼ਾ ਤਸਕਰੀ ਦੇ ਛੇ ਕੇਸ ਦਰਜ ਕਰ ਕੇ ਸੱਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਤੋਂ 84 ਬੋਤਲਾਂ ਸ਼ਰਾਬ, ਪੰਜ ਗਰਾਮ ਹੈਰੋਇਨ ਅਤੇ 1800 ਪਾਬੰਦੀਸ਼ੁਦਾ ਗੋਲੀਆਂ ਮਿਲੀਆਂ ਹਨ। ਪਟਿਆਲੇ ਵਿੱਚ ਪੁਲਸ ਨੇ 15 ਕੇਸ ਦਰਜ ਕਰ ਕੇ ਇੱਕ ਔਰਤ ਸਣੇ 15 ਲੋਕਾਂ ਨੂੰ ਫੜਿਆ ਹੈ। ਦੋਸ਼ੀਆਂ ਤੋਂ ਨਾਜਾਇਜ਼ ਸ਼ਰਾਬ, ਨਸ਼ੀਲੀਆਂ ਗੋਲੀਆਂ, ਹੈਰੋਇਨ, ਭੁੱਕੀ, ਗਾਂਜਾ ਆਦਿ ਨਸ਼ੀਲਾ ਪਦਾਰਥ ਮਿਲਿਆ ਹੈ। ਪਠਾਨਕੋਟ ਪੁਲਸ ਨੇ ਦੋ ਕੇਸਾਂ ਵਿੱਚ 11 ਗਰਾਮ ਹੈਰੋਇਨ ਬਰਾਮਦ ਕਰ ਕੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਸੰਗਰੂਰ ਵਿੱਚ ਛੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਪੁਲਸ ਨੇ ਤਿੰਨ ਕੇਸ ਦਰਜ ਕੀਤੇ ਹਨ।ਫਿਰੋਜ਼ਪੁਰ ਵਿੱਚ ਪੁਲਸ ਨੇ ਅੱਠ ਕੇਸ ਦਰਜ ਕਰ ਕੇ 309 ਗਰਾਮ ਹੈਰੋਇਨ ਅਤੇ 230 ਨਸ਼ੀਲੀਆਂ ਗੋਲੀਆਂ ਬਰਾਮਦ ਕਰ ਕੇ ਦਸ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਦੇ ਇਲਾਵਾ ਐਕਸਾਈਜ ਐਕਟ ਦੇ ਤਹਿਤ ਮਾਮਲੇ ਦਰਜ ਕਰ ਕੇ 38 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿੱਚੋਂ ਦੋ ਦੋਸ਼ੀ ਜ਼ਮਾਨਤ ਉੱਤੇ ਰਿਹਾਅ ਹੋ ਗਏ। ਫਾਜ਼ਿਲਕਾ ਜ਼ਿਲ੍ਹੇ ਵਿੱਚ ਪੁਲਸ ਨੇ ਨਸ਼ਾ ਤਸਕਰੀ ਦੇ ਚਾਰ ਕੇਸ ਦਰਜ ਕਰ ਕੇ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ।


# ਛੋਟੇ ਕਾਰੋਬਾਰਾਂ ਦੇ ਮਾਲਕਾਂ ਨੂੰ ਬੁਲਾਵਾ ਦਿੱਤਾ ਜਾ ਰਿਹਾ ਹੈ

ਤੁਹਾਡੇ ਲਈ ਕੋਵਿਡ–19 ਸੰਬੰਧੀ ਵਿੱਤੀ ਸਹਾਇਤਾ ਉਪਲਬਧ ਹੋ ਸਕਦੀ ਹੈ।

- ਓਨਟੈਰਿਓ ਸਮੌਲ ਬਿਜ਼ਨਸ ਸਪੋਰਟ ਗ੍ਰਾਂਟ *(Ontario Small Business Support Grant)* ਰਾਹੀਂ $20,000 ਤੱਕ ਦੀਆਂ ਗ੍ਰਾਂਟਾਂ
- ਓਨਟੈਰਿਓ ਦੀ ਮੇਨ ਸਟ੍ਰੀਟ ਰੀਲਿਫ ਗ੍ਰਾਂਟ *(Ontario's Main Street Relief Grant)* ਦੇ ਰਾਹੀਂ ਪੀਪੀਈ (PPE) ਖਰੀਦਣ ਲਈ ਸਹਾਇਤਾ ਵਾਸਤੇ $1,000 ਤੱਕ
- ਪ੍ਰਾਪਰਟੀ ਟੈਕਸ ਅਤੇ ਊਰਜਾ (energy) ਸੰਬੰਧੀ ਖਰਚਿਆਂ ਲਈ ਛੋਟਾਂ



ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਛੋਟੇ ਕਾਰੋਬਾਰ ਹੁਣ ਅਤੇ ਜਦੋਂ ਅਸੀਂ ਕੋਵਿਡ-19 ਤੋਂ ਅਗੇ ਵੱਧ ਜਾਂਦੇ ਹਾਂ, ਲੋਕਾਂ ਨੂੰ ਰੁਜ਼ਗਾਰ ਦੇਣਾ ਅਤੇ ਉਨ੍ਹਾਂ ਦੇ ਭਾਈਚਾਰਿਆਂ ਦੀ ਸੇਵਾ ਕਰਨਾ ਜਾਰੀ ਰੱਖ ਸਕਦੇ ਹਨ।

**ਅਪਲਾਈ ਕਰਨ ਲਈ ontario.ca/COVIDsupport 'ਤੇ ਜਾਓ**

ਇਸਦਾ ਭੁਗਤਾਨ ਓਨਟੈਰੀਓ ਸਰਕਾਰ ਨੇ ਕੀਤਾ ਹੈ

Ontario

# ਰਾਹੁਲ ਗਾਂਧੀ ਨੇ ਕਿਹਾ, ਦੇਸ਼ ਵਿੱਚ ਐਮਰਜੈਂਸੀ ਦਾ ਲਾਇਆ ਜਾਣਾ ਇੱਕ ਗਲਤੀ ਸੀ



ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦੇਸ਼ ਵਿੱਚ ਐਮਰਜੈਂਸੀ ਲਾਏ ਜਾਣ ਨੂੰ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਭੁੱਲ ਦੱਸਦਿਆਂ ਕਿਹਾ ਕਿ ਉਸ ਦੌਰ ਵਿੱਚ ਜੋ ਵੀ ਹੋਇਆ ਉਹ ਗਲਤ ਸੀ, ਪਰ ਮੌਜੂਦਾ ਦੌਰ ਨਾਲ ਜੇ ਇਸ ਦੀ ਤੁਲਨਾ ਕਰੀਏ ਤਾਂ ਉਦੋਂ ਦੇ ਹਾਲਾਤ ਬਿਲਕੁਲ ਵੱਖਰੇ ਸਨ। ਓਦੋਂ ਕਾਂਗਰਸ ਨੇ ਸੰਸਥਾਗਤ ਢਾਂਚੇ ਉੱਤੇ ਕਬਜ਼ਾ ਕਰਨ ਦੀ ਕਦੀ ਕੋਸ਼ਿਸ਼ ਨਹੀਂ ਸੀ ਕੀਤੀ।

ਅਮਰੀਕਾ ਦੀ ਕਾਰਨਵੈਲ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਭਾਰਤ ਦੇ ਸਾਬਕਾ ਮੁੱਖ ਆਰਥਿਕ ਸਲਾਹਕਾਰ ਕੌਸ਼ਿਕ ਬਸੁ ਨਾਲ ਗੱਲਬਾਤ ਦੌਰਾਨ ਰਾਹੁਲ ਗਾਂਧੀ ਨੇ ਕਿਹਾ ਕਿ ਉਹ ਕਾਂਗਰਸ ਵਿੱਚ ਅੰਦਰੂਨੀ ਲੋਕਤੰਤਰ ਦੇ ਹਾਮੀ ਹਨ। ਇਸ ਦੌਰਾਨ ਐਮਰਜੈਂਸੀ ਬਾਰੇ ਪੁੱਛੇ ਜਾਣ ਉੱਤੇਰਾਹੁਲ ਗਾਂਧੀ ਨੇ ਕਿਹਾ ਕਿ ਮੇਰਾ ਮੰਨਣਾ ਹੈ ਕਿ ਉਹ ਇੱਕ ਗਲਤੀ ਸੀ, ਉਸ ਦੌਰ ਵਿੱਚ ਜੋ ਕੁਝ ਹੋਇਆ, ਉਹ ਯਕੀਨੀ ਤੌਰ ਉੱਤੇ ਗਲਤ ਸੀ, ਪਰ ਅੱਜ ਦੇ ਦੌਰ ਵਿੱਚ ਜੋ ਹੋ ਰਿਹਾ ਹੈ, ਉਹ ਉਦੋਂ ਦੇ ਦੌਰ ਤੋਂ ਬਿਲਕੁਲ ਵੱਖਰਾ ਹੈ। ਓਦੋਂ ਕਾਂਗਰਸ ਨੇ ਕਦੀ ਸੰਸਥਾਗਤ ਢਾਂਚੇ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਸ ਵਿੱਚ ਅਜਿਹਾ ਕਰਨ ਦੀ ਸਮਰੱਥਾ ਵੀ ਨਹੀਂ ਸੀ। ਸਾਡੀ ਬਣਤਰ ਅਜਿਹੀ ਹੈ ਕਿ ਅਸੀਂ ਚਾਹ ਕੇ ਵੀ ਅਜਿਹਾ ਨਹੀਂ ਕਰ ਸਕਦੇ। ਰਾਹੁਲ ਨੇ ਕੇਂਦਰ ਸਰਕਾਰ ਉੱਤੇ ਹਮਲਾ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਭਾਰਤ ਦੀ ਲੋਕਤੰਤਰੀ ਪ੍ਰਣਾਲੀ ਨੂੰ ਨੁਕਸਾਨ ਪਹੁੰਚਾ ਰਹੀ ਹੈ ਅਤੇ ਭਾਰਤ ਵਿੱਚ ਹਰ ਸੰਸਥਾ ਦੀ ਆਜ਼ਾਦੀ ਉੱਤੇ ਹਮਲਾ ਕੀਤਾ ਜਾ ਰਿਹਾ ਹੈ।

# ਆਪਣੇ ਖਿਲਾਫ ਚੱਲਦੇ ਕੇਸਾਂ ਨੂੰ ਸ਼ਿਮਲੇ ਵਿਚ ਬਦਲਾਉਣ ਲਈ ਕੰਗਣਾ ਅਦਾਲਤ ਜਾ ਪਹੁੰਚੀ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਬਾਲੀਵੁੱਡ ਅਭਿਨੇਤਰੀ ਕੰਗਨਾ ਰਣੌਤ ਅਤੇ ਉਸ ਦੀ ਭੈਣ ਰੰਗੋਲੀ ਚੰਦੇਲ ਨੇ ਉਨ੍ਹਾਂ ਦੇ ਖਿਲਾਫ ਪੈਂਡਿਗ ਕੇਸਾਂ ਨੂੰ ਮੁੰਬਈ ਤੋਂ ਸ਼ਿਮਲੇ ਦੀ ਅਦਾਲਤ ਵਿੱਚ ਬਦਲਣ ਦੀ ਅਪੀਲ ਲਈ ਸੁਪਰੀਮ ਕੋਰਟ ਦਾ ਰੁਖ਼ ਕੀਤਾ ਹੈ। ਦੋਵਾਂ ਭੈਣਾਂ ਨੇ ਦੋਸ਼ ਲਾਇਆ ਮੁੰਬਈ ਵਿੱਚ ਉਨ੍ਹਾਂ ਦੇ ਖਿਲਾਫ ਦਰਜ ਕੇਸਾਂ ਦੀ ਸੁਣਵਾਈ ਵੇਲੇ ਉਨ੍ਹਾਂ ਦੇ ਵਿਰੁੱਧ ਸ਼ਿਵ ਸੈਨਾ ਨੇਤਾਵਾਂ ਵਿੱਚ 'ਨਿੱਜੀ ਬਦਲੇ ਦੀ ਭਾਵਨਾ' ਕਾਰਨ ਉਨ੍ਹਾਂ ਦੀ ਜਾਨ ਨੂੰ ਖਤਰਾ ਹੋਵੇਗਾ।

ਕੰਗਣਾ ਅਤੇ ਉਸ ਦੀ ਭੈਣ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਜੇ ਇਨ੍ਹਾਂ ਕੇਸਾਂ ਦੀ ਸੁਣਵਾਈ ਮੁੰਬਈ ਵਿੱਚ ਹੋਈਤਾਂ ਉਨ੍ਹਾਂ ਦੀ ਜਾਨ ਅਤੇ ਜਾਇਦਾਦ ਨੂੰ ਖਤਰਾ ਹੋਵੇਗਾ, ਕਿਉਂਕਿ ਸ਼ਿਵ ਸੈਨਾ ਦੀ ਮਹਾਰਾਸ਼ਟਰ ਸਰਕਾਰ ਉਨ੍ਹਾਂ ਨੂੰ ਪਰੇਸ਼ਾਨ ਕਰ ਰਹੀ ਹੈ। ਵਕੀਲ ਨੀਰਜ ਸ਼ੇਖਰ ਦੇ ਰਾਹੀਂ ਦਾਇਰ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ 'ਜੇ ਇਨ੍ਹਾਂ ਕੇਸਾਂ ਦੀ ਸੁਣਵਾਈ ਮੁੰਬਈ ਵਿੱਚ ਹੁੰਦੀ ਹੈ, ਤਾਂ ਪਟੀਸ਼ਨਰਾਂ ਦੇ ਖਿਲਾਫ ਸ਼ਿਵ ਸੈਨਾ ਦੇ ਨੇਤਾਵਾਂ ਵਿੱਚ ਨਿੱਜੀ ਬਦਲੇ ਦੀ ਭਾਵਨਾ ਦੇ ਕਾਰਨ ਉਨ੍ਹਾਂ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ।' ਇਸ ਅਰਜ਼ੀ ਵਿੱਚ ਉਨ੍ਹਾਂ ਦੇ ਖਿਲਾਫ ਦਰਜ ਸ਼ਿਕਾਇਤਾਂ ਅਤੇ ਕੇਸਾਂਦੀ ਸੁਣਵਾਈ ਮੁੰਬਈ ਤੋਂ ਹਿਮਾਚਲ ਪ੍ਰਦੇਸ਼ ਦੇ ਸ਼ਿਮਲੇ ਦੀ ਅਦਾਲਤ ਵਿੱਚ ਬਦਲਣ ਦੀ ਅਪੀਲ ਕੀਤੀ ਗਈ ਹੈ। ਇਨ੍ਹਾਂ ਵਿੱਚ ਗੀਤਕਾਰ ਜਾਵੇਦ ਅਖਤਰ ਵੱਲੋਂ ਕੰਗਨਾ ਰਣੌਤ ਦੇ ਖਿਲਾਫ ਕੀਤੀ ਮਾਣਹਾਨੀ ਦੀ ਸ਼ਿਕਾਇਤ ਵੀ ਸ਼ਾਮਲ ਹੈ।

# ਜਾਂਚ ਏਜੰਸੀਆਂ ਦੇ ਦਫ਼ਤਰਾਂ ਵਿੱਚ ਸੀ ਸੀ ਟੀ ਵੀ ਕੈਮਰੇ ਲਵਾਉਣ ਦੀ ਦੇਰੀ ਉੱਤੇ ਫਿਟਕਾਰ ਪਈ

*** ਸੁਪਰੀਮ ਕੋਰਟ ਨੇ ਕਿਹਾ: ਤੁਸੀਂ ਜਾਣਬੁੱਝ ਕੇ ਦੇਰੀ ਕਰ ਰਹੇ ਹੋ**



ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ), ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਅਤੇ ਨਾਰਕੋਟਿਕਸ ਕੰਟਰੋਲ ਬਿਊਰੋ (ਐਨ ਸੀ ਬੀ) ਵਰਗੀਆਂ ਜਾਂਚ ਏਜੰਸੀਆਂ ਦੇ ਦਫ਼ਤਰਾਂ ਵਿੱਚ ਸੀ ਸੀ ਟੀ ਵੀ ਕੈਮਰੇ ਲਾਉਣ ਵਿੱਚ ਦੇਰੀ ਹੋਣ ਉੱਤੇਭਾਰਤ ਸਰਕਾਰ ਨੂੰ ਝਾੜ ਪਾਈ ਹੈ। ਇਸ ਬਾਰੇ ਸੁਪਰੀਮ ਕੋਰਟ ਨੇ ਪੁੱਛਿਆ ਕਿ ਆਖਿਰ ਸਰਕਾਰ ਆਪਣੇ ਪੈਰ ਪਿੱਛੇ ਕਿਉਂ ਖਿੱਚ ਰਹੀ ਹੈ।ਜਸਟਿਸ ਰੋਂ-ਹੰਗਟਨ ਐਫ ਨਰੀਮਨ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਸੁਣਵਾਈ ਦੌਰਾਨ ਕਿਹਾ ਕਿ ਸੀ ਸੀ ਟੀ ਵੀ ਕੈਮਰੇ ਲਾਉਣ ਦਾ ਫੈਸਲਾ ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਨਾਲ ਸਬੰਧਤ ਹੈ ਅਤੇ ਕਿਸੇ ਵੀ ਹਾਲਤ ਵਿੱਚ ਇਨ੍ਹਾਂ ਅਧਿਕਾਰਾਂ ਦੀ ਉਲੰਘਣਾ ਨਹੀਂ ਹੋਣ ਦਿੱਤੀ ਜਾ ਸਕਦੀ। ਅਦਾਲਤ ਦੀ ਇਹ ਟਿੱਪਣੀ ਉਸ ਵੇਲੇ ਆਈ, ਜਦੋਂ ਕੇਂਦਰ ਸਰਕਾਰ ਵੱਲੋਂ ਪੇਸ਼ ਹੋ ਰਹੇ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਸੁਣਵਾਈ ਟਾਲਣ ਨੂੰ ਕਿਹਾ ਸੀ। ਅਦਾਲਤ ਨੇ ਕਿਹਾ ਕਿ ਉਹ ਸੁਣਵਾਈ ਟਾਲਣ ਦੇ ਬਹਾਨੇ ਨੂੰ ਮਨਜ਼ੂਰ ਨਹੀਂ ਕਰਨਗੇ। ਜਸਟਿਸ ਨਰੀਮਨ ਨੇ ਕਿਹਾ: 'ਸਾਨੂੰ ਲੱਗਦਾ ਹੈ ਕਿ ਤੁਸੀਂ ਜਾਣਬੁੱਝ ਕੇ ਦੇਰੀ ਕਰ ਰਹੇ ਹੋ।' ਅਦਾਲਤ ਨੇ ਕੇਂਦਰ ਨੂੰ ਹੁਕਮ ਦਿੱਤਾ ਕਿ ਉਹ ਤਿੰਨ ਹਫ਼ਤੇ ਅੰਦਰ ਉਸ ਨੂੰ ਸੂਚਿਤ ਕਰੇ ਕਿ ਕੇਂਦਰੀ ਏਜੰਸੀਆਂ ਲਈ ਕਿੰਨਾ ਫੰਡ ਅਲਾਟ ਹੋਇਆ ਹੈ ਅਤੇ ਸੀ ਸੀ ਟੀ ਵੀ ਕੈਮਰੇ ਕਦੋਂ ਲਵਾਏ ਜਾਣਗੇ।

ਵਰਨਣ ਯੋਗ ਹੈ ਕਿ ਅਦਾਲਤ ਨੇ ਪਿਛਲੇ ਸਾਲ 2 ਦਸੰਬਰ ਨੂੰ ਹਿਰਾਸਤ ਵਿੱਚ ਤਸੀਹਿਆਂ ਦੇ ਵੱਧਦੇ ਕੇਸਾਂ ਨੂੰ ਰੋਕਣ ਲਈ ਸਾਰੇ ਪੁਲਸ ਸਟੇਸ਼ਨਾਂ ਉੱਤੇ ਸੀ ਸੀ ਟੀ ਵੀ ਕੈਮਰੇ ਲਾਉਣ ਦਾ ਹੁਕਮ ਦਿੱਤਾ ਸੀ।

**ਡਾ. ਮਨਮੋਹਨ ਸਿੰਘ ਨੇ ਕਿਹਾ:**

# ਬਿਨਾਂ ਸੋਚੇ ਨੋਟਬੰਦੀ ਦੇ ਫੈਸਲੇ ਕਾਰਨ ਭਾਰਤ ਵਿੱਚ ਬੇਰੁਜ਼ਗਾਰੀ ਵਧੀ

ਤਿਰੂਵੰਤਪੁਰਮ, 3 ਮਾਰਚ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਉੱਤੇ ਨਿਸ਼ਾਨਾ ਕੱਸਦੇ ਹੋਏ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕੱਲ੍ਹ ਫਿਰ ਨੋਟਬੰਦੀ ਦੇ ਫ਼ੈਸਲੇ ਨੂੰ ਗ਼ਲਤ ਦੱਸਿਆ ਅਤੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਬਿਨਾਂ ਸੋਚੇ-ਸਮਝੇ ਲਏ ਗਏ ਇਸ ਫ਼ੈਸਲੇ ਤੋਂ ਹੀ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ ਵਧੀ ਅਤੇ ਗ਼ੈਰ ਰਸਮੀ ਖੇਤਰ ਦਾ ਬੁਰਾ ਹਾਲ ਹੋ ਗਿਆ ਹੈ। ਉਨ੍ਹਾਂ ਦੋਸ਼ ਲਗਾਇਆ ਹੈ ਕਿ ਮੋਦੀ ਸਰਕਾਰ ਸੂਬਿਆਂ ਨਾਲ ਬਾਕਾਇਦਗੀ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਇਨਕਾਰ ਕਰ ਰਹੀ ਹੈ।

ਅਗਲੇ ਮਹੀਨੇ ਵਿਧਾਨ ਸਭਾ ਚੋਣਾਂ ਵਾਲੇ ਕੇਰਲ ਰਾਜ ਵਿੱਚ ਕਾਂਗਰਸ ਪਾਰਟੀ ਨਾਲ ਜੁੜੇ ਹੋਏ ਥਿੰਕ ਟੈਂਕ ਰਾਜੀਵ ਗਾਂਧੀ ਡਿਵੈਲਪਮੈਂਟ ਸਟੱਡੀਜ਼ ਦੇ ਵਰਚੁਅਲ ਸੰਮੇਲਨ ਦਾ ਉਦਘਾਟਨ ਕਰਦੇ ਹੋਏ ਮਨਮੋਹਨ ਸਿੰਘ ਨੇ ਕਿਹਾ ਕਿ ਸਰਕਾਰ ਤੇ ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ ਅਸਥਾਈ ਢੰਗਾਂ ਨਾਲ ਕ੍ਰੈਡਿਟ ਸਮੱਸਿਆ ਨੂੰ ਲੁਕਾਇਆ ਨਹੀਂ ਜਾ ਸਕਦਾ। ਇਹ ਸੰਕਟ ਛੋਟੇ ਅਤੇ ਮੱਧ (ਉਦਯੋਗ) ਖੇਤਰ ਨੂੰ ਪ੍ਰਭਾਵਤ ਕਰ ਸਕਦਾ ਹੈ। ਸੰਮੇਲਨ ਵਿੱਚ ਉਨ੍ਹਾਂ ਕਿਹਾ, 'ਬੇਰੁਜ਼ਗਾਰੀ ਵਧ ਰਹੀ ਅਤੇ ਗ਼ੈਰ ਰਸਮੀ ਖੇਤਰ ਤਬਾਹ ਹੋ ਚੁੱਕਾ ਹੈ। ਉਨ੍ਹਾਂ 'ਪ੍ਰਤੀਖਿਆ 2030' ਵਿੱਚ ਕਿਹਾ, "ਬੇਰੁਜ਼ਗਾਰੀ ਸਿਖਰ ਉੱਤੇਹੈ ਅਤੇ ਗ਼ੈਰ ਰਸਮੀ ਖੇਤਰ ਦਾ ਬੁਰਾ ਹਾਲ ਹੈ।

ਚੋਣਾਂ ਤੋਂ ਪਹਿਲਾਂ ਕਰਵਾਏ ਇਸ ਸਮਾਰੋਹ ਦਾ ਮਕਸਦ ਕੇਰਲ ਦੇ ਵਿਕਾਸ ਲਈ ਵਿਜ਼ਨ ਡਾਕੂਮੈਂਟ ਨੂੰ ਤਿਆਰ ਕਰਨਾ ਹੈ। ਮਨਮੋਹਨ ਸਿੰਘ ਨੇ ਕਿਹਾ, "ਕੇਂਦਰਵਾਦ ਅਤੇ ਰਾਜਾਂ ਦੇ ਨਾਲ ਨਿਯਮਿਤ ਸਲਾਹ-ਮਸ਼ਵਰਾ, ਜਿਹੜਾ ਭਾਰਤ ਦੀ ਆਰਥਿਕ ਅਤੇ ਰਾਜਨੀਤਕ ਨੀਂਹ ਅਤੇ ਸੰਵਿਧਾਨ ਵਿੱਚ ਸ਼ਾਮਲ ਹੈ, ਮੌਜੂਦਾ ਕੇਂਦਰ ਸਰਕਾਰ ਇਸ ਨੂੰ ਅਹਿਮੀਅਤ ਨਹੀਂ ਦਿੰਦੀ। ਕੇਰਲ ਦੇ ਵਿਕਾਸ ਬਾਰੇ ਮਨਮੋਹਨ ਸਿੰਘ ਨੇ ਕਿਹਾ ਕਿ ਇਸ ਰਾਜ ਵਿੱਚ ਸਮਾਜਕ ਮਾਪਦੰਡ ਉਚੇ ਹਨ, ਪਰ ਭਵਿੱਖ ਵਿੱਚ ਦੂਜੇ ਖੇਤਰਾਂ ਵਿੱਚ ਧਿਆਨ ਦੇਣ ਦੀ ਲੋੜ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਇੱਥੇ ਬਹੁਤ ਸਾਰੀਆਂ ਰੁਕਾਵਟਾਂ ਹਨ, ਜਿਨ੍ਹਾਂ ਨੂੰ ਰਾਜ ਨੇ ਪਾਰ ਕਰਨਾ ਹੈ। ਉਨ੍ਹਾਂ ਕਿਹਾ ਕਿ ਆਈ ਟੀ ਸੈਕਟਰ ਡਿਜੀਟਲ ਮੋਡ ਕਾਰਨ ਕੰਮ ਕਰ ਰਿਹਾ ਹੈ, ਪਰ ਮਹਾਂਮਾਰੀ ਨੇ ਸੈਰ-ਸਪਾਟਾ ਸੈਕਟਰ ਉੱਤੇ ਬਹੁਤ ਬੁਰਾ ਪ੍ਰਭਾਵ ਪਾਇਆ ਹੈ।

# ਕੋਰੋਨਾ ਬਿਮਾਰੀ ਦੇ ਦੌਰ ਵਿੱਚ ਅੰਬਾਨੀ ਅਤੇ ਅਡਾਨੀ ਦੇ ਕਾਰੋਬਾਰ ਨੂੰ ਮਹਾਂਮਾਰੀ ਦੇਸੀ ਘਿਓ ਵਾਂਗ ਲੱਗੀ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਦੇ ਦੌਰ ਵਿੱਚ ਸਾਲ 2020 ਦੌਰਾਨ ਭਾਰਤ ਵਿੱਚ 40 ਉਦਯੋਗਪਤੀ ਅਰਬਪਤੀਆਂ ਦੀ ਸੂਚੀ ਵਿੱਚ ਜੁੜ ਗਏ ਹਨ। ਇਨ੍ਹਾਂ ਨੂੰ ਮਿਲਾ ਕੇ ਇਸ ਵਕਤ ਭਾਰਤ ਦੇ ਕੁੱਲ 177 ਲੋਕ ਅਰਬਪਤੀਆਂ ਦੀ ਸੂਚੀ ਵਿੱਚ ਸ਼ਾਮਲ ਹੋ ਗਏ।

ਇੱਕ ਰਿਪੋਰਟ ਵਿੱਚ ਕੱਲ੍ਹ ਕਿਹਾ ਗਿਆ ਹੈ ਕਿ ਅਮੀਰ ਲੋਕਾਂ ਬਾਰੇ ਹੁਰਨ ਗਲੋਬਲ ਦੀ ਸੂਚੀ ਵਿੱਚ ਕਿਹਾ ਗਿਆ ਹੈ ਕਿ ਸਾਲ 2020 ਵਿੱਚ ਜਦੋਂ ਦੁਨੀਆ ਕੋਰੋਨਾ ਮਹਾਂਮਾਰੀ ਦੀ ਲਪੇਟ ਵਿੱਚ ਸੀ ਤਾਂ ਭਾਰਤਦੇ 40 ਲੋਕ ਅਰਬਪਤੀਆਂ ਦੀ ਸੂਚੀ ਵਿੱਚ ਪਹੁੰਚ ਗਏ ਹਨ। ਰਿਲਾਇੰਸ ਇੰਡਸਟਰੀਜ਼ ਦੇ ਮੁਖੀ





ਮੁਕੇਸ਼ ਅੰਬਾਨੀ ਲਗਾਤਾਰ ਸਭ ਤੋਂ ਅਮੀਰ ਭਾਰਤੀ ਬਣੇ ਹੋਏ ਹਨ। ਉਨ੍ਹਾਂ ਦੀ ਜਾਇਦਾਦ 24 ਫ਼ੀਸਦੀ ਤੋਂ ਵਧਕੇ 83 ਅਰਬ ਡਾਲਰਹੋ ਗਈ। ਦੁਨੀਆ ਦੇ ਅਰਬਪਤੀਆਂ ਦੀ ਸੂਚੀ ਵਿੱਚ ਉਹ ਇੱਕ ਹੋਰ ਪੌੜੀ ਚੜ੍ਹਕੇ ਅੱਠਵੇਂ ਨੰਬਰ ਉੱਤੇ ਪਹੁੰਚ ਗਏ ਹਨ। ਗੁਜਰਾਤ ਦੇ ਉਦਯੋਗਪਤੀ ਗੌਤਮ ਅਡਾਨੀ ਦੀ ਜਾਇਦਾਦ ਵਿੱਚਵੀ ਚੋਖਾ ਵਾਧਾ ਹੋਇਆ ਹੈ। ਸਾਲ 2020 ਵਿੱਚ ਉਨ੍ਹਾਂ ਦੀ ਜਾਇਦਾਦ 32 ਅਰਬ ਡਾਲਰ ਤੱਕ ਪਹੁੰਚ ਗਈ ਅਤੇ ਦੁਨੀਆ ਦੇ ਅਮੀਰਾਂ ਦੀ ਸੂਚੀ ਵਿੱਚ ਉਨ੍ਹਾਂ ਦਾ ਸਥਾਨ 20 ਪੌੜੀਆਂ ਹੋਰ ਚੜ੍ਹਕੇ 48 ਨੰਬਰ ਉੱਤੇ ਪਹੁੰਚ ਗਿਆ। ਮੁਕੇਸ਼ ਅੰਬਾਨੀ ਤੋਂ ਬਾਅਦ ਉਹ ਦੂਸਰੇ ਸਭ ਤੋਂ ਅਮੀਰ ਭਾਰਤੀ ਬਣ ਗਏ ਹਨ। ਉਨ੍ਹਾਂ ਦੇ ਭਰਾ ਵਿਨੋਦ ਦੀ ਜਾਇਦਾਦ 128 ਫ਼ੀਸਦੀ ਵਧ ਕੇ 9.8 ਅਰਬ ਡਾਲਰ ਹੋ ਗਈ। ਆਈ ਟੀ ਕੰਪਨੀ ਐਚ ਸੀ ਐਲ ਦੇ ਸ਼ਿਵ ਨਾਡਰ ਦੀ ਜਾਇਦਾਦਾ 2.4 ਅਰਬ ਡਾਲਰ ਦੀ ਹੋ ਗਈ। ਬਾਇਕੋਨ ਦੀ ਕਿਰਨ ਮਜੂਮਦਾਰ ਦੀ ਜਾਇਦਾਦ 41 ਫ਼ੀਸਦੀ ਵਧ ਕੇ 4.8 ਅਰਬ ਡਾਲਰ ਹੋ ਗਈ। ਇਸ ਤਰ੍ਹਾਂ ਭਾਰਤ ਦੇ ਅਰਬਪਤੀਆਂ ਦੀ ਸੂਚੀ ਵਿੱਚ 100 ਫ਼ੀਸਦੀ ਵਾਧਾ ਹੋਇਆ ਹੈ।

# ਕਾਂਗਰਸ ਦੇ ਬਾਗੀ ਆਗੂਆਂ ਸਿੰਘਵੀ ਅਤੇ ਸ਼ਰਮਾ ਦੇ ਤੇਵਰ ਢਿੱਲੇ ਪਏ

ਨਵੀਂ ਦਿੱਲੀ, 3 ਮਾਰਚ (ਪੋਸਟ ਬਿਊਰੋ)- ਕਾਂਗਰਸ ਦੇ ਸੀਨੀਅਰ ਨੇਤਾ ਆਨੰਦ ਸ਼ਰਮਾ ਨੇ ਬਗਾਵਤੀ ਨੇਤਾਵਾਂ ਦੇ ਗਰੁੱਪ 'ਜੀ-23'ਬਾਰੇ ਕਿਹਾ ਕਿ ਸਾਡੀਆਂ ਕੁਝ ਚਿੰਤਾਵਾਂ ਹਨ, ਜੋ ਸਿਰਫ ਗੱਲਾਂ ਨਹੀਂ, ਸਬੂਤ ਹਨ। ਸ਼ਰਮਾ ਨੇ ਕਿਹਾ ਕਿ ਅਸੀਂ ਜੋ ਕਹਿੰਦੇ ਹਾਂ, ਉਸ ਨੂੰ ਸਹੀ ਅਰਥਾਂ ਵਿੱਚ ਸਮਝਿਆ ਜਾਣਾ ਚਾਹੀਦਾ ਹੈ। ਅਸੀਂ ਪਾਰਟੀ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਾਂ। ਅਸੀਂ ਕਾਂਗਰਸ ਲਈ ਇਕਜੁੱਟ ਹਾਂ, ਅਜਿਹਾ ਕੁਝ ਨਹੀਂ ਚਾਹੁੰਦੇ, ਜੋ ਪਾਰਟੀ ਨੂੰ ਕਮਜ਼ੋਰ ਕਰੇ। ਆਨੰਦ ਸ਼ਰਮਾ ਨੇ ਕਿਹਾ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਸੀਂ ਕਾਂਗਰਸ ਉਮੀਦਵਾਰਾਂ ਨੂੰ ਸ਼ੁਭ-ਕਾਮਨਾ ਦਿੰਦੇ ਹਾਂ ਅਤੇ ਜਿੱਥੇ ਵੀ ਸਾਨੂੰ ਪ੍ਰਚਾਰ ਕਰਨ ਲਈ ਕਿਹਾ ਜਾਏਗਾ, ਅਸੀਂ ਕਰਾਂਗੇ। ਵਰਨਣ ਯੋਗ ਹੈ ਕਿ ਆਨੰਦ ਸ਼ਰਮਾ ਨੇ ਦੋ ਦਿਨ ਪਹਿਲਾਂ ਟਵੀਟ ਕਰ ਕੇ ਬੰਗਾਲ ਵਿੱਚ ਆਈ ਐਸ ਐਫ ਦੇ ਨਾਲ ਪਾਰਟੀ ਦੇ ਗਠਜੋੜ ਦੀ ਆਲੋਚਨਾ ਕੀਤੀ ਸੀ। ਇਸ ਮੌਕੇ ਸ਼ਰਮਾ ਨੇ ਕਿਹਾ ਕਿ ਮੈਂ ਜੋ ਕਿਹਾ, ਉਹ ਚਿੰਤਾ ਜ਼ਾਹਿਰ ਕਰਨ ਦਾ ਮਾਧਿਅਮ ਹੈ। ਮੈਂ ਕਾਂਗਰਸ ਦੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਸਮਰਪਿਤ ਹੋਣ ਦੇ ਨਾਲ ਪਾਰਟੀ ਦੇ ਇਤਿਹਾਸਕਾਰਾਂ ਅਤੇ ਵਿਚਾਰਕਾਂ ਵਿੱਚੋਂ ਇੱਕ ਹਾਂ। ਇਸ ਨੂੰ ਉਸ ਸੰਦਰਭ ਵਿੱਚ ਲਿਆ ਜਾਣਾ ਚਾਹੀਦਾ ਹੈ।

ਦੂਸਰੇ ਪਾਸੇ ਕਾਂਗਰਸ ਆਗੂ ਅਭਿਸ਼ੇਕ ਮਨੁ ਸਿੰਘਵੀ ਨੇ ਕਿਹਾ ਕਿ ਪਾਰਟੀ ਨੇ ਪੱਛਮੀ ਬੰਗਾਲ ਵਿੱਚ 92 ਸੀਟਾਂ ਦੀ ਮੰਗ ਕੀਤੀ ਸੀ, ਜਿਸ ਨੂੰ ਮੰਨ ਲਿਆ ਗਿਆ। ਸਾਡਾ ਇਰਾਦਾ ਭਾਜਪਾ ਦੀ ਫਿਰਕੂ ਰਾਜਨੀਤੀ ਖਿਲਾਫ ਸੈਕੂਲਰ ਮੋਰਚਾ ਤਿਆਰ ਕਰਨ ਦਾ ਹੈ। ਸੀ ਪੀ ਐਮ ਨੇ ਆਪਣੀਆਂ ਕੁਝ ਸੀਟਾਂ ਆਈ ਐਸ ਐਫ ਨੂੰ ਦਿੱਤੀਆਂ ਹਨ।

# ਦਸਤਾਰਧਾਰੀ ਮੋਟਰਸਾਈਕਲ ਚਾਲਕਾਂ ਨੂੰ ਪੰਜ ਮੀਟਰ ਪੱਗ ਬੰਨ੍ਹਣ ਦੀ ਅਪੀਲ

ਹਾਂਗਕਾਂਗ, 3 ਮਾਰਚ (ਪੋਸਟ ਬਿਊਰੋ)- ਹਾਂਗਕਾਂਗ ਦੇ ਇੱਕੋ-ਇੱਕ ਗੁਰਦੁਆਰਾ ਖ਼ਾਲਸਾ ਦੀਵਾਨ ਦੀ ਪ੍ਰਬੰਧਕ ਕਮੇਟੀ ਨੇ ਹਾਂਗਕਾਂਗ ਦੇ ਕਾਨੂੰਨ ਵਿੱਚ ਹੈਲਮਟ ਤੋਂ ਛੋਟ ਪ੍ਰਾਪਤ ਦਸਤਾਰਧਾਰੀ ਮੋਟਰਸਾਈਕਲ ਚਾਲਕਾਂ ਨੂੰ ਏਥੇ ਟਰਾਂਸਪੋਰਟ ਡਿਪਾਰਟਮੈਂਟ ਦੀਆਂ ਹਦਾਇਤਾਂ ਤੇ ਡਰਾਇਵਿੰਗ ਦੌਰਾਨ ਘੱਟੋ-ਘੱਟ ਪੰਜ ਮੀਟਰ ਦਸਤਾਰ ਸਜਾਉਣ ਦੀ ਅਪੀਲ ਕੀਤੀ ਹੈ, ਤਾਂ ਕਿ ਕਿਸੇ ਹਾਦਸੇ ਸਮੇਂ ਉਹ ਸੁਰੱਖਿਅਤ ਰਹਿ ਸਕਣ।

ਵਰਨਣ ਯੋਗ ਹੈ ਕਿ ਸਿੱਖੀ ਵਿੱਚ ਦਸਤਾਰ ਦੀ ਅਹਿਮੀਅਤ ਮੰਨ ਕੇ ਹਾਂਗਕਾਂਗ ਸਰਕਾਰ ਵੱਲੋਂ ਦਸਤਾਰਧਾਰੀ ਮੋਟਰਸਾਈਕਲ ਸਵਾਰਾਂ ਨੂੰ ਹੈਲਮਟ ਤੋਂ ਛੋਟ ਦਿੱਤੀ ਹੋਈ ਹੈ, ਪਰ ਕੁਝ ਵਿਅਕਤੀਆਂ ਵੱਲੋਂ ਇਸ ਦਾ ਨਾਜਾਇਜ਼ ਫਾਇਦਾ ਉਠਾ ਕੇ ਕੇਵਲ ਰੁਮਾਲ ਜਾਂ ਛੋਟੇ ਪਰਨੇ ਧਾਰਨ ਨਾਲ ਮੋਟਰਸਾਈਕਲ ਚਲਾਏ ਜਾ ਰਹੇ ਹਨ ਅਤੇ ਬੀਤੇ ਦਿਨੀਂ ਕੁਝ ਸੜਕ ਹਾਦਸਿਆਂ ਵਿੱਚ ਅਜਿਹੇ ਵਿਅਕਤੀਆਂ ਦੇ ਗੰਭੀਰ ਜ਼ਖ਼ਮੀ ਹੋਣ ਅਤੇ ਮਾਰੇ ਜਾਣ ਕਾਰਨ ਟਰਾਂਸਪੋਰਟ ਵਿਭਾਗ ਨੂੰ ਇਸ ਛੋਟ ਨੂੰ ਕਾਇਮ ਰੱਖਣ ਦੇ ਨਾਲ ਦਸਤਾਰ ਦੇ ਸਰੂਪ ਸਬੰਧੀ ਪ੍ਰਬੰਧਕ ਕਮੇਟੀ ਨਾਲ ਰਾਬਤਾ ਕਰਕੇ ਹਦਾਇਤਾਂ ਜਾਰੀ ਕੀਤੀਆਂ ਹਨ। ਪ੍ਰਬੰਧਕ ਕਮੇਟੀ ਨੇ ਸਪੱਸ਼ਟ ਕੀਤਾ ਕਿ ਜੇ ਕੋਈ ਵਿਅਕਤੀ ਇਨ੍ਹਾਂ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਦਾ ਖ਼ਾਲਸਾ ਦੀਵਾਨ ਵੱਲੋਂ ਜਾਰੀ ਹੈਲਮਟ ਤੋਂ ਛੋਟ ਦਾ ਪਰਮਟ ਰੱਦ ਕੀਤਾ ਜਾਵੇਗਾ।

# ਧੀ ਨਾਲ ਛੇੜਛਾੜ ਦਾ ਕੇਸ ਵਾਪਸ ਨਾ ਲੈਣ ਉੱਤੇ ਪਿਤਾ ਦਾ ਗੋਲੀ ਮਾਰ ਕੇ ਕਤਲ

ਲਖਨਊ, 3 ਮਾਰਚ (ਪੋਸਟ ਬਿਊਰੋ)- ਹਾਥਰਸ ਜ਼ਿਲ੍ਹੇ ਵਿੱਚ ਛੇੜਛਾੜ ਦੀ ਸ਼ਿਕਾਇਤ ਵਾਪਸ ਨਾ ਲੈਣ ਉੱਤੇ ਦੋਸ਼ੀ ਨੇ ਪੀੜਤਾ ਦੇ ਪਿਤਾ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ। ਕੁੜੀ ਦੇ ਪਿਤਾ ਅੰਬਰੀਸ਼ ਸ਼ਰਮਾ (50) ਨੇ ਦੋਸ਼ੀ ਗੌਰਵ ਵਿਰੁੱਧ 2008 ਵਿੱਚ ਆਪਣੀ ਬੇਟੀ ਨਾਲ ਹੋਈ ਛੇੜਛਾੜ ਦਾ ਮਾਮਲਾ ਦਰਜ ਕਰਵਾਇਆ ਸੀ ਅਤੇ ਉਹ ਜੇਲ੍ਹ ਵੀ ਗਿਆ ਸੀ ਪਰ ਇੱਕ ਮਹੀਨੇ ਬਾਅਦ ਉਹ ਜਮਾਨਤ ਉੱਤੇ ਰਿਹਾਅ ਹੋ ਗਿਆ ਸੀ।

ਅੰਬਰੀਸ਼ ਦੀ ਬੇਟੀ ਨੇ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਹ ਆਪਣੇ ਪਿਤਾ ਨਾਲ ਆਲੂਆਂ ਦੇ ਖੇਤ ਵਿੱਚ ਸੀ, ਜਦੋਂ ਗੌਰਵ ਆਪਣੇ ਇੱਕ ਸਾਥੀ ਨਾਲ ਕਾਰ ਵਿੱਚ



ਕੇਸ ਦੀ ਜਾਂਚ ਕਰਦੀ ਪੁਲਸ।

ਆਇਆ ਅਤੇ ਅੰਬਰੀਸ਼ ਨੂੰ ਉਸ ਵਿਰੁੱਧ ਕੇਸ ਵਾਪਸ ਲੈਣ ਨੂੰ ਕਹਿਣ ਲੱਗਾ। ਉਸ ਨੇ ਦੋਸ਼ ਲਾਇਆ, 'ਇਸ ਤੋਂ ਪਹਿਲਾਂ ਕਿ ਮੇਰੇ ਪਿਤਾ ਕੁੱਝ ਕਹਿੰਦੇ, ਉਸ ਨੇ ਉਨ੍ਹਾਂ ਉੱਤੇ ਗੋਲੀਆਂ ਚਲਾ ਦਿੱਤੀਆਂ। ਅਸੀਂ ਉਨ੍ਹਾਂ ਨੂੰ ਲੈ ਕੇ ਹਸਪਤਾਲ ਗਏ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ।' ਹਾਥਰਸ ਦੇ ਪੁਲਸ ਸੁਪਰਡੈਂਟ ਵਿਨੀਤ ਜਾਇਸਵਾਲ ਨੇ ਕਿਹਾ, 'ਇਹ ਘਟਨਾ ਕੱਲ੍ਹ ਦੁਪਹਿਰੇ ਹਾਥਰਸ ਦੇ ਨੌਜਰਪੁਰ ਪਿੰਡ ਦੇ ਸਾਸਨੀ ਖੇਤਰ ਵਿੱਚ ਹੋਈ ਹੈ, ਜਦੋਂ ਅੰਬਰੀਸ਼ ਸ਼ਰਮਾ (50) ਦੀਆਂ ਧੀਆਂ ਮੰਦਰ ਗਈਆਂ ਸਨ। ਦੋਸ਼ੀ ਗੌਰਵ ਸ਼ਰਮਾ ਦੀ ਪਤਨੀ ਅਤੇ ਇੱਕ ਹੋਰ ਰਿਸ਼ਤੇਦਾਰ ਵੀ ਉਥੇ ਮੌਜੂਦ ਸੀ। ਇਨ੍ਹਾਂ ਜਨਾਨੀਆਂ ਵਿਚਾਲੇ ਬਹਿਸ ਹੋ ਗਈ ਅਤੇ ਉਦੋਂ ਦੋਸ਼ੀ ਗੌਰਵ ਅਤੇ ਕੁੜੀਆਂ ਦਾ ਪਿਤਾ ਅੰਬਰੀਸ਼ ਵੀ ਉਥੇ ਪਹੁੰਚ ਗਿਆ। ਪੁਲਸ ਸੁਪਰਡੈਂਟ ਨੇ ਦੱਸਿਆ ਕਿ ਗੌਰਵ ਅਤੇ ਅੰਬਰੀਸ਼ ਵਿਚਾਲੇ ਵੀ ਬਹਿਸ ਹੋ ਗਈ, ਜਿਸ ਪਿੱਛੋਂ ਗੌਰਵ ਨੇ ਆਪਣੇ ਕੁਝ ਰਿਸ਼ਤੇਦਾਰਾਂ ਨੂੰ ਬੁਲਾ ਲਿਆ ਅਤੇ ਗੁੱਸੇ ਵਿੱਚ ਅੰਬਰੀਸ਼ ਨੂੰ ਗੋਲੀ ਮਾਰ ਦਿੱਤੀ। ਘਟਨਾ ਦਾ ਨੋਟਿਸ ਲੈਂਦੇ ਹੋਏ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਯਨਾਥ ਨੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੇ ਆਦੇਸ਼ ਦਿੱਤੇ ਹਨ ਅਤੇ ਦੋਸ਼ੀਆਂ ਵਿਰੁੱਧ ਕੌਮੀ ਸੁਰੱਖਿਆ ਕਾਨੂੰਨ ਲਾਉਣ ਦਾ ਵੀ ਨਿਰਦੇਸ਼ ਦਿੱਤਾ ਹੈ।

# ਯਾਤਰੀ ਦੀ ਸਿਹਤ ਵਿਗੜਨ ਕਾਰਨ ਇੰਡੀਗੋ ਦੀ ਉਡਾਣ ਨੂੰ ਕਰਾਚੀ ਉਤਾਰਨਾ ਪਿਆ

*** ਮਰੀਜ਼ ਦੀ ਜਾਨ ਫਿਰ ਵੀ ਨਹੀਂ ਬਚਾਈ ਜਾ ਸਕੀ**




ਕਰਾਚੀ, 3 ਮਾਰਚ (ਪੋਸਟ ਬਿਊਰੋ)- ਸ਼ਾਰਜਾਹ ਤੋਂ ਲਖਨਊ ਆ ਰਹੇ ਇੰਡੀਗੋ ਦੇ ਜਹਾਜ਼ ਵਿੱਚ ਸਵਾਰ ਯਾਤਰੀ ਦੀ ਸਿਹਤ ਵਿਗੜਨ ਕਾਰਨ ਜਹਾਜ਼ ਨੂੰ ਹੰਗਾਮੀ ਹਾਲਤ ਵਿੱਚ ਪਾਕਿਸਤਾਨ ਦੇ ਕਰਾਚੀ ਹਵਾਈ ਅੱਡੇ ਉੱਤੇ ਉਤਾਰਨਾ ਪਿਆ, ਪਰ ਉਸ ਯਾਤਰੀ ਜਾਨ ਫਿਰ ਵੀ ਨਹੀਂ ਬਚਾਈ ਜਾ ਸਕੀ।

ਪਾਕਿਸਤਾਨ ਏਅਰਪੋਰਟ ਅਥਾਰਟੀ ਅਨੁਸਾਰ ਇੰਡੀਗੋ ਦੀ ਉਡਾਣ ਵਿੱਚ ਇੱਕ ਬਜ਼ੁਰਗ ਯਾਤਰੀ ਹਬੀਬ ਉਰ ਰਹਿਮਾਨ (67) ਦੀ ਸਿਹਤ ਵਿਗੜਨ ਕਾਰਨ ਜਹਾਜ਼ ਦੇ ਕਪਤਾਨ ਨੂੰ ਕਰਾਚੀ ਹਵਾਈ ਅੱਡੇ ਉੱਤੇ ਜਹਾਜ਼ ਉਤਾਰਨ ਦੀ ਇਜਾਜ਼ਤ ਦਿੱਤੀ ਗਈ ਸੀ। ਇੰਡੀਗੋ ਅਨੁਸਾਰ ਯਾਤਰੀ ਨੂੰ ਸਮੇਂ ਸਿਰ ਮੈਡੀਕਲ ਮਦਦ ਨਹੀਂ ਮਿਲ ਸਕੀ ਅਤੇ ਹਵਾਈ ਅੱਡੇ ਦੀ ਟੀਮ ਦੇ ਪਹੁੰਚਣ ਤੱਕ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਏਅਰਲਾਈਨ ਦੇ ਅਧਿਕਾਰੀਆਂ ਨੇ ਕਿਹਾ ਕਿ 'ਇਸ ਖ਼ਬਰ ਨਾਲ ਅਸੀਂ ਬਹੁਤ ਦੁਖੀ ਹਾਂ ਅਤੇ ਸਾਡੀਆਂ ਦੁਆਵਾਂ ਪੀੜਤ ਪਰਵਾਰ ਨਾਲ ਹਨ।'ਏਅਰਲਾਈਨ ਅਨੁਸਾਰ ਸ਼ਾਹਜਾਹ ਤੋਂ ਲਖਨਊ ਆ ਰਹੀ ਉਡਾਣ ਦਾ ਰਸਤਾ ਬਦਲ ਕੇ ਇਸ ਨੂੰ ਕਰਾਚੀ ਲਿਜਾਇਆ ਗਿਆ। ਪਾਕਿਸਤਾਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਜਹਾਜ਼ ਇਰਾਨ ਤੋਂ ਹੁੰਦਾ ਸਵੇਰੇ ਚਾਰ ਵਜੇ ਪਾਕਿਸਤਾਨ ਦੇ ਹਵਾਈ ਖੇਤਰ ਵਿੱਚ ਪੁੱਜਿਆ ਤਾਂ ਇਸ ਦੇ ਕਪਤਾਨ ਨੇ ਹੰਗਾਮੀ ਹਾਲਤ ਵਿੱਚ ਜਹਾਜ਼ ਉਤਾਰਨ ਦੀ ਇਜਾਜ਼ਤ ਮੰਗੀ ਸੀ। ਉਨ੍ਹਾਂ ਨੂੰ ਇਜਾਜ਼ਤ ਦੇ ਦਿੱਤੀ ਗਈ ਤੇ ਪੰਜ ਵਜੇ ਦੇ ਕਰੀਬ ਜਹਾਜ਼ ਨੂੰ ਉਤਾਰਿਆ ਗਿਆ, ਪਰ ਯਾਤਰੀ ਨੂੰ ਬਚਾਇਆ ਨਹੀਂ ਜਾ ਸਕਿਆ। ਸਾਰੀ ਕਾਰਵਾਈ ਮਗਰੋਂ ਜਹਾਜ਼ ਨੂੰ ਅਹਿਮਦਾਬਾਦ ਲਈ ਰਵਾਨਾ ਹੋਣ ਦੀ ਇਜਾਜ਼ਤ ਦੇ ਦਿੱਤੀ ਗਈ।

# ਪਾਕਿ ਵਿੱਚ ਸਰਕਾਰੀ ਖਜ਼ਾਨੇ ਵਿੱਚੋਂ ਅੱਤਵਾਦੀਆਂ ਨੂੰ ਪੈਨਸ਼ਨ ਜਾਰੀ

ਜੈਨੇਵਾ, 3 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਨਾਲ ਜੰਗਬੰਦੀ ਪਿੱਛੋਂ ਦੁਵੱਲੇ ਰਿਸ਼ਤਿਆਂ ਬਾਰੇ ਕੁਝ ਸੁਖਾਵੇਂ ਸੰਕੇਤ ਭਾਵੇਂ ਉਭਰੇ ਹਨ, ਪਰ ਕਸ਼ਮੀਰ ਮੁੱਦੇ ਉੱਤੇ ਭਾਰਤ ਵੱਲੋਂ ਕੋਈ ਰਿਆਇਤ ਵਰਤਣ ਦੇ ਸੰਕੇਤ ਨਹੀਂ ਹਨ।

ਕੱਲ੍ਹ ਯੂ ਐੱਨ ਮਨੁੱਖੀ ਅਧਿਕਾਰ ਕਮਿਸ਼ਨ (ਯੂ ਐਨ ਐਚ ਆਰ ਸੀ) ਦੀ ਇੱਕ ਬੈਠਕ ਵਿੱਚ ਕਸ਼ਮੀਰ ਮੁੱਦੇ ਉੱਤੇ ਬੇਵਜ੍ਹਾ ਟਿੱਪਣੀ ਕਰਨ ਬਾਰੇ ਭਾਰਤ ਨੇ ਨਾ ਸਿਰਫ ਪਾਕਿਸਤਾਨ, ਸਗੋਂ ਇਸਲਾਮਿਕ ਦੇਸ਼ਾਂ ਦੇ ਸੰਗਠਨ (ਓ ਆਈ ਸੀ) ਨੂੰ ਵੀ ਲੰਮੇ ਹੱਥੀਂ ਲਿਆ ਅਤੇ ਉਨ੍ਹਾਂ ਨੂੰ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਾ ਦੇਣ ਦੀ ਚਿਤਾਵਨੀ ਦਿੱਤੀ। ਭਾਰਤ ਨੇ ਇੱਕ ਵਾਰ ਅੰਤਰਰਾਸ਼ਟਰੀ ਬਰਾਦਰੀ ਦੇ ਸਾਹਮਣੇ ਪਾਕਿਸਤਾਨ ਵਿੱਚ ਸਰਕਾਰ ਵੱਲੋਂ ਅੱਤਵਾਦੀਆਂ ਨੂੰ ਮਿਲਦ ਮਦਦ ਦਾ ਮੁੱਦਾ ਵੀ ਉਠਾਇਆ।ਭਾਰਤੀ ਵਫਦ ਦੇ ਆਗੂ



ਪਵਨ ਬੇਢੇ ਨੇ ਪਾਕਿਸਤਾਨ ਵਿੱਚ ਹਾਫਿਜ਼ ਸਈਦ ਵਰਗੇ ਅੱਤਵਾਦੀ ਨੂੰ ਦਿੱਤੀ ਜਾਂਦੀ ਪੈਨਸ਼ਨ ਦਾ ਮੁੱਦਾ ਯੂ ਐਨ ਐਚ ਆਰ ਸੀ ਵਿੱਚ ਉਠਾਇਆ। ਉਨ੍ਹਾਂ ਕਿਹਾ ਕਿ ਕੌਂਸਲ ਦੇ ਮੈਂਬਰ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਪਾਕਿਸਤਾਨ ਸਰਕਾਰ ਆਪਣੇ ਫੰਡ ਵਿੱਚੋਂ ਅੱਤਵਾਦੀਆਂ ਨੂੰ ਪੈਨਸ਼ਨ ਦਿੰਦੀ ਹੈ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਐਲਾਨੇ ਅੱਤਵਾਦੀਆਂ ਦੀ ਸਭ ਤੋਂ ਵੱਡੀ ਫੌਜ ਪਾਕਿਸਤਾਨ ਵਿੱਚ ਹੈ। ਪਾਕਿਸਤਾਨ ਦੇ ਨੇਤਾਵਾਂ ਨੇ ਇਹ ਗੱਲ ਮੰਨੀ ਹੈ ਕਿ ਉਥੇ ਅੱਤਵਾਦੀਆਂ ਨੂੰ ਤਿਆਰ ਕਰਨ ਦੀ ਫੈਕਟਰੀ ਚੱਲਦੀ ਹੈ। ਇਹੋ ਕਾਰਨ ਹੈ ਪਾਕਿਸਤਾਨ ਕਦੇ ਇਸ ਗੱਲ ਨੂੰ ਸਵੀਕਾਰ ਨਹੀਂ ਕਰਦਾ ਕਿ ਅੱਤਵਾਦ ਸਭ ਤੋਂ ਵੱਡਾ ਮਨੁੱਖੀ ਅਧਿਕਾਰ ਦੀ ਉਲੰਘਣਾ ਹੈ ਤੇ ਅੱਤਵਾਦੀ ਗਤੀਵਿਧੀਆਂ ਨੂੰ ਸਮਰਥਨ ਕਰਨਾ ਸਭ ਤੋਂ ਖਰਾਬ ਕਿਸਮ ਦਾ ਮਨੁੱਖੀ ਅਧਿਕਾਰ ਉਲੰਘਣ। ਕੌਂਸਲ ਨੂੰ ਪਾਕਿਸਤਾਨ ਤੋਂ ਇਹ ਪੁੱਛਗਿੱਛ ਕਰਨੀ ਚਾਹੀਦੀ ਹੈ ਕਿ ਆਜ਼ਾਦੀ ਦੇ ਬਾਅਦ ਉਥੇ ਹਿੰਦੂ, ਸਿੱਖ, ਈਸਾਈ ਆਦਿ ਘੱਟ ਗਿਣਤੀਆਂ ਵਰਗਾਂ ਦੀ ਗਿਣਤੀ ਲਗਾਤਾਰ ਘੱਟ ਕਿਉਂ ਰਹੀ ਹੈ ਤੇ ਅਹਿਮਦੀਆ, ਸ਼ੀਆ, ਪਸ਼ਤੂਨ, ਸਿੰਧੀ ਅਤੇ ਬਲੂਚਾਂ ਨੂੰ ਧਰਮ ਨਿੰਦਾ ਕਾਨੂੰਨ ਦੇ ਤਹਿਤ ਪ੍ਰੇਸ਼ਾਨ ਕਿਉਂ ਕੀਤਾ ਜਾਂਦਾ ਹੈ। ਪਾਕਿ ਵਿੱਚ ਰੋਜ਼ ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਨੂੰ ਤੋੜਿਆ ਜਾਂਦਾ ਅਤੇ ਸੱਤਾ ਦੇ ਖਿਲਾਫ ਬੋਲਣ ਵਾਲਿਆਂ ਨੂੰ ਨਾ ਸਿਰਫ ਪ੍ਰੇਸ਼ਾਨ ਕੀਤਾ ਜਾਂਦਾ, ਸਗੋਂ ਉਨ੍ਹਾਂ ਦੀ ਹੱਤਿਆ ਹੋ ਰਹੀ ਹੈ। ਇਸ ਤਰ੍ਹਾਂ ਦਾ ਕੰਮ ਉਥੋਂ ਦੀਆਂ ਸੁਰੱਖਿਆ ਏਜੰਸੀਆਂ ਕਰਦੀਆਂ ਹਨ।

# ਵਿੰਸਟਨ ਚਰਚਿਲ ਦੀ ਪੇਂਟਿੰਗ 82 ਲੱਖ 85 ਹਜ਼ਾਰ ਪੌਂਡ ਦੀ ਵਿਕੀ

ਲੰਡਨ, 3 ਮਾਰਚ (ਪੋਸਟ ਬਿਊਰੋ)- ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦੀ ਮੋਰੱਕਾ ਦੇ ਲੈਂਡਸਕੇਪ ਦੀ ਪੇਂਟਿੰਗ ਇੱਕ ਨਿਲਾਮੀ ਵਿੱਚ 82 ਲੱਖ 85 ਹਜ਼ਾਰ ਪੌਂਡ ਵਿੱਚ ਵਿਕੀ ਹੈ। ਇਸ ਪੇਂਟਿੰਗ ਨੂੰ ਹਾਲੀਵੁੱਡ ਸਟਾਰ ਐਂਜਲਿਨਾ ਜੋਲੀ ਨੇ ਵੇਚਿਆ ਹੈ।

ਲੰਡਨ ਦੀ ਕ੍ਰਿਸਟੀ ਨਿਲਾਮੀ ਘਰ ਵਿੱਚ 'ਟਾਵਰ ਆਫਕੋਟੌਬੀਆ ਮਾਸਕ' ਨੂੰ 82,85,000 ਪੌਂਡ ਵਿੱਚ ਵੇਚਿਆ ਗਿਆ ਹੈ। ਵਿਕਰੀ ਤੋਂ ਪਹਿਲਾਂ ਇਸ ਦੀ ਕੀਮਤ 1.5 ਮਿਲੀਅਨ ਪੌਂਡ ਤੋਂ 2.5 ਮਿਲੀਅਨ ਪੌਂਡ ਤੱਕ ਦਾ ਅਨੁਮਾਨ ਸੀ। ਇਸ ਤੋਂ ਪਹਿਲਾਂ ਚਰਚਿਲ ਦੀ ਸਭ ਤੋਂ ਮਹਿੰਗੀ ਪੇਂਟਿੰਗ 18 ਲੱਖ ਪੌਂਡ ਦੀ ਵੇਚੀ ਗਈ ਸੀ। ਇਸ ਪੇਂਟਿੰਗ 'ਚ ਐਟਲਾਂਸ ਪਰਬਤਾਂ ਦੇ ਪਿੱਛੇ ਸੂਰਜ ਡੁੱਬਣ ਵੇਲੇ ਮੋਰੋਕੋ 'ਚ 12ਵੀਂ ਸਦੀ ਦੀ ਮਸਜਿਦ ਦਿਖਾਈ ਗਈ ਹੈ। ਇਹ ਪੇਂਟਿੰਗ ਚਰਚਿੱਲ ਨੇ ਦੂਜੀ ਵਿਸ਼ਵ ਜੰਗ ਵੇਲੇ ਬਣਵਾਈ ਸੀ। 1945 ਵਿੱਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਫ਼ੈਂਕਲਿਨ ਡੀ ਰੂਜ਼ਵੈਲਟ ਦੀ ਮੌਤ ਤੋਂ ਬਾਅਦ ਉਸ ਦੇ ਬੇਟੇ ਨੇ ਇਹ ਪੇਂਟਿੰਗ ਵੇਚ ਦਿੱਤੀ ਸੀ। ਇਸ ਤੋਂ ਬਾਅਦਬਹੁਤ ਸਾਰੇ ਲੋਕਾਂ ਨੇ ਇਸ ਨੂੰ ਖਰੀਦਿਆ ਅਤੇ 2011 ਵਿੱਚ ਇਸ ਨੂੰ ਐਂਜਲੀਨਾ ਅਤੇ ਉਸ ਦੇ ਦੋਸਤ ਅਦਾਕਾਰ ਬ੍ਰੈਡ ਪਿਟ ਨੇ ਖਰੀਦਿਆ ਸੀ। ਸਾਲ 2019 ਵਿੱਚ ਇਹ ਜੋੜਾ ਵੱਖ ਹੋ ਗਿਆ ਤੇ ਇਹ ਪੇਂਟਿੰਗ ਇੱਥੇ ਜੋਲੀ ਫੈਮਲੀ ਕੁਲੈਕਸ਼ਨ ਵੱਲੋਂ



ਵੇਚੀ ਗਈ ਹੈ। ਪੇਂਟਿੰਗ ਦੇ ਖਰੀਦਦਾਰ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਮਿਲੀ।

ਭਾਰਤ ਦੇ ਆਖਰੀ ਵਾਇਸਰਾਏ ਲਾਰਡ ਮਾਊਂਟਬੇਟਨ ਅਤੇ ਉਸ ਦੀ ਪਤਨੀ ਐਡਵਿਨਾ ਦੇ ਕਰੋੜਾਂ ਰੁਪਏ ਦੇ ਖਜ਼ਾਨੇ ਦੀ ਨਿਲਾਮੀ ਵੀ ਹੋਣ ਜਾ ਰਹੀ ਹੈ। ਇਸ ਖਜ਼ਾਨੇ ਵਿੱਚ ਹੀਰਿਆਂ ਨਾਲ ਸਜਾਏ ਗਹਿਣੇ, ਇੱਕ ਸੋਨੇ ਦੀ ਘੜੀ, ਹੀਰੇ ਦਾ ਬਣਿਆ ਇੱਕ ਬਰੌਚ ਤੇ ਰਾਣੀ ਵਿਕਟੋਰੀਆ ਦਾ ਇੱਕ ਰੋਬੋਟ ਖਿਡੌਣਾ ਸ਼ਾਮਲ ਹੈ, ਜੋ 1950 ਵਿੱਚ ਬਣਾਇਆ ਗਿਆ ਸੀ। ਲਾਰਡ ਮਾਊਂਟਬੈਟਨ ਵੱਲੋਂ ਭਾਰਤ ਅਤੇ ਬਰਮਾ (ਮਿਆਂਮਾਰ) ਤੋਂ ਲਿਆਂਦੀਆਂ 400 ਕੀਮਤੀ ਚੀਜ਼ਾਂ, ਗਹਿਣਿਆਂ ਅਤੇ ਪੇਂਟਿੰਗਾਂ ਦੀ ਨਿਲਾਮੀ ਵੀ ਹੋ ਰਹੀ ਹੈ, ਜਿਸ ਦੀ ਕੀਮਤ ਲੱਗਭਗ 15 ਕਰੋੜ ਰੁਪਏ ਮਿਥੀ ਗਈ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
$1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction
AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS
Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife
Signature.ca
tico.ca IATA
WESTJET vacations
Call Us For Guaranteed Lowest Airfare
ANY Airline Time Destination Around the World
transat Holidays, sunwing, AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

ਕਾਲ ਕਰੋ: 905-793-2202
ਪੰਜਾਬੀ ਪੋਸਟ

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Call For a Quick & Free Home Evaluation
www.BramptonQuickHomeEvaluation.com

Top 1% Broker

JAG AUJLA
REAL ESTATE BROKER
416-371-7777
j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ।

BRAMPTON



ਵੀਲੀਅਮ ਪਾਕਵੇ/ਰੋਇਲ ਓਰਚਾਰਡ

ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੈਟ ਸਾਈਡ ਏਨਟਰੈਂਸ। ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ। ਪੈਂਟਰੀ ਨਾਲ ਬਰੇਕਫਾਸਟ ਏਰੀਆ। ਗਲਿਮੀਂਗ ਹਾਰਡਵੁਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON



Sandalwood/Chinguacousy Park

72 Botavia Downs dr
**$ 1525**
ਲੀਸ ਲਈ
ਸੈਂਡਲਵੁਡ/ਕਿਰਾਏ ਲਈ
2 ਬੈਡਰੂਮ, 1 ਵਾਸ਼ਰੂਮ ਦੀ ਬਹੁਤ ਸੋਹਣੀ ਬੇਸਮੈਂਟ, (Separate Laundry) ਸੈਪਰੇਟ ਲਾਊਂਡਰੀ ਅਤੇ ਸੈਪਰੇਟ ਐਂਟਰੈਂਸ, 1 ਜਾਂ 2 ਕਾਰ ਪਾਰਕਿੰਗ, ਸਾਰੀਆਂ ਸੁਵਿਧਾਵਾਂ ਦੇ ਨੇੜੇ, A++ ਜਾਂ ਛੋਟੀ ਫੈਮਿਲੀ ਨੂੰ ਪਹਿਲ।

BRAMPTON



William Pkwy/Royal Orchard

13 Traibridge Dr
**$ 1,069,905**
**ਵਿਲੀਅਮ ਪਾਰਕ ਵੇਅ/ਰੌਇਲ ਔਰਕਡ**
2800 Sq. Ft. ਦਾ 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡਰੂਮ ਦੀ ਸੈਪਰੇਟ ਐਂਟਰੈਂਸ (Separate Entrance) ਦਾ ਬੇਸਮੈਂਟ। ਅਪਗ੍ਰੇਡਡ ਕਿਚਨ ਵਿਚ ਗਰੇਨਾਈਟ ਟਾਪ, ਬਹੁਤ ਵੱਡਾ ਬੈਕਯਾਰਡ (Back Yard), ਹਾਰਡਵੁਡ ਫਲੋਰ, ਲੈਮੀਨੇਟ ਇਨ ਬੈਡਰੂਮ, ਉਕ ਸਟੇਅਰਕੇਸ, ਮਾਸਟਰ ਬੈਡਰੂਮ ਵਿਚ 5 ਪੀਸੀ ਇਨਸੂਟ, ਸਾਰੀਆਂ ਸਹੂਲਤਾਂ ਦੇ ਕੋਲ।

BRAMPTON



Dixie/Queen

8 Lisa St.
**$ 434,905**
1142 ਸਕੇਅਰ ਫੁੱਟ ਦੀ ਕੌਂਡੋ (ਛੇਨਦੋ), 21ਸਟ ਫਲੋਰ ਉਤੇ 2 ਬੈਡਰੂਮ, 2 ਵਾਸ਼ਰੂਮ, ਲਾਊਂਡਰੀ, 1 ਅੰਡਰ ਗ੍ਰਾਊਂਡ ਕਾਰ ਪਾਰਕਿੰਗ, ਮਾਸਟਰ ਬੈਡਰੂਮ ਵਿਚ 3 ਪੀਸੀ ਇਨਸੁਟ, 24 ਘੰਟੇ ਸਿਕਿਉਰਿਟੀ (Security), ਬਰੈਮਲੀ ਸਿਟੀ ਸੈਂਟਰ (Bramalea City Center) ਦੇ ਕੋਲ ਸਾਰੀਆਂ ਸਹੂਲਤਾਂ ਦੇ ਨੇੜੇ, ਵਾਸ਼ਰ ਅਤੇ ਡਰਾਇਰ (Dryer), ਡਿਸ਼ਵਾਸ਼ਰ ਅਤੇ ਹੋਰ ਬਹੁਤ ਕੁੱਝ ਸ਼ਾਮਲ।



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




COTTRELLE/HWY50

ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈਡਰੂਮ ਦੀ ਫਿਨਿਸ਼ਿਡ ਵਾਕਆਊਟ ਬੇਸਮੇਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ





SANDALWOOD/BRAMALEA

ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੇਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






ASIAN FOOD CENTRE

WINTER SALE

www.AsianFoodCentre.com
26TH FEB TO 14TH MAR 2021
Fresh Fruits, Vegetables, Indian & Canadian Grocery

| Price | Item |
|---|---|
| $8.99 EA (REG.$10.99) | AASHIRVAAD SELECT ATTA |
| $7.99 | DEEP CHAKKI ATTA |
| $9.99 (REG.$11.99) | AASHIRVAD ATTA 20LB |
| $12.99 EA (REG.$14.99) | PILLSBURRY MULTIGRAIN ATTA |
| $2.99 10LB (REG.$5.99) | QUALITY CHAKKI ATTA |
| $1.79 (REG.$2.99) | SAFFRON |
| $7.99 10LB (REG.$10.99) | AFC DIAMOND RICE |
| $8.99 8LB (REG.$10.99) | ASIAN BASMATI RICE |
| $11.99 (REG.$14.99) | DAWAAT RICE |
| $9.99 10LB (REG.$12.99) | INDIA GATE PREMIUM RICE |
| $1.99 EA (REG.$2.99) | DEEP NAAN/PARATHA |
| $3.99 750ML (REG.$5.99) | KTC MUSTARD OIL |
| $0.79 300G (REG.$1.29) | PARLE-G |
| $3.99 EA (REG.$4.99) | MOTHER DAIRY PANEER |
| 4 FOR $1.00 (REG.$0.59) | BR NICE TIME COOKIES |
| $6.99 5KG | TRUST SUGAR |
| $1.99 2KG | REDPATH SUGAR |
| $5.99 500G | ALSHIFA HONEY |
| $3.49 1.18L | MAZOLA CANOLA/VEG OIL |
| $2.29 EA | DEEP KESAR MANGO PULP |
| $6.99 216 BAGS (REG.$7.99) | RED LABEL TEA |
| $9.99 216 BAGS (REG.$11.99) | TETLEY TEA |
| $9.99 2LB (REG.$11.99) | WAGHBAKRI TEA |
| $0.99 1KG (REG.$1.49) | MR. GOUDAS SALT |
| 2 FOR $2.00 (REG.$2.99) | BR GOOD DAY COOKIES |
| $1.29 (REG.$1.99) | EMIRATES NEST PASTA (400 GM) |
| $1.99 EA (REG.$2.99) | HALDIRAM SOAN PAPDI (250 GM) |
| $1.29 (305 GM)EA | BRITANNIA MILK & WHEAT RUSK |
| $3.99 (REG.$4.99) | MOTHER FOOD MAKHANI |
| $3.99 (REG.$5.79) | HEINZ TOMATO KETCHUP |
| $8.99 10LB (REG.$11.99) | KASTURI TOOR DAAL(10LB) |
| $2.99 4LB (REG.$3.99) | RED LENTIL |
| $3.49 4LB (REG.$4.49) | BLACK CHANA |
| $5.99 1L (REG.$6.99) | DABUR MUSTARD OIL |
| $3.49 800G (REG.$4.49) | PACHRANGA MIX PICKLE |
| $2.99 1KG (REG.$3.99) | AFC LAUNDARY SOAP |
| $3.99 2.2LB (REG.$5.99) | DEEP COOKIES |
| $5.99 8LB (REG.$8.99) | QUALITY IDLI RICE |
| $0.79 (REG.$1.49) | BRITTANIA TIGER GLUCOSE BISCUIT(300GM) |
| $1.99 1L | Except: AAMPANA DABUR REAL JUICE |
| $1.49 796ML (REG.$1.79) | MR GOUDAS CHICK PEAS |
| $1.49 (REG.$1.99) | MR.GOUDAS RED KIDNEY BEANS |
| $7.99 3L (REG.$9.99) | KTC SUNFLOWER OIL |
| $1.49 454GM (REG.$1.99) | Y&Y CHOWMEIN NOODLES |
| $11.99 20LB (REG.$14.99) | UDUPI SONA MASOORI |
| $2.99 500ML (REG.$4.99) | DABUR MUSTARD OIL |
| $2.49 EA (REG.$3.99) | BOURBON BISCUITS (390GM) |
| $4.99 2.5LB (REG.$5.99) | BIKANERI COOKIES |
| $2.79 560GM | BRITANNIA MILK RUSK |
| 4 FOR $1.00 75GM | YIPPEE MASALA NOODLES |
| $1.49 EA (REG.$1.99) | FROOTI MANGO DRINK (1L) |
| $3.99 4LB (REG.$5.49) | ASIAN BESAN |
| $3.29 EA (REG.$4.49) | INDIAN ROOHAFZA (800G) |
| $6.99 EA (REG.$7.99) | DAWN TANDOORI NAAN (15PC) |
| $6.99 EA (REG.$7.99) | DAWN PLAIN PARATHA (30PC) |

FRESH INDIAN SWEETS, SAMOSA, JALEBIS, PAKORAS & MUCH MORE...

WINTER SALE

ETOBICOKE
10 Westmore Dr. 416-740-3262 (MEAT SHOP AVAILABLE)

MISSISSAUGA
1075 Ceremonial Dr. 905-502-1600 (MEAT SHOP AVAILABLE)

BRAMPTON
621 Wanless Dr. 905-495-3336 (MEAT SHOP AVAILABLE)

BRAMPTON
2120 N Park Dr. 905-793-1338 (MEAT SHOP AVAILABLE)

BRAMPTON
80 Pertosa Dr. 905-460-0009

BRAMPTON
10 Pannahill Dr. 905-913-8017 (MEAT SHOP AVAILABLE)

BRAMPTON
40 Airport RD & Lacoste Blvd. 905-794-8109 (MEAT SHOP AVAILABLE)

BRAMPTON
10510 Torbram Rd. 905-790-0030

TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media